



ਕੈਨੇਡੀਅਨ

# ਪੰਜਾਬੀ ਪੋਸਟ

*Award winning news paper* | Canadian Punjabi Post






To view our online newspaper visit **punjabipost.ca/epaper** | **Vol 21* Issue 165** | **Tuesday, August 23, 2022** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*


## ਬਰੈਂਪਟਨ ਦੇ ਕਾਰ ਹਾਦਸੇ ਵਿੱਚ ਮਾਰੇ ਗਏ ਤਿੰਨ ਭੈਣ ਭਰਾ

ਬਰੈਂਪਟਨ, 22 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਬਰੈਂਪਟਨ ਵਿੱਚ ਕਾਰ ਹਾਦਸੇ ਵਿੱਚ ਮਾਰੇ ਗਏ ਤਿੰਨ ਵਿਅਕਤੀ ਸਕੇ ਭੈਣ ਭਰਾ ਸਨ। ਪੀਲ ਪੁਲਿਸ ਵੱਲੋਂ ਸੋਮਵਾਰ ਨੂੰ ਇਸ ਜਾਣਕਾਰੀ ਦੀ ਪੁਸ਼ਟੀ ਕੀਤੀ ਗਈ।

ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਰਾਤੀਂ 2:00 ਵਜੇ ਐਮਰਜੰਸੀ ਅਮਲੇ ਨੂੰ ਐਮਵੇਲ ਐਵਨਿਊ ਤੇ ਕੌਨੈਸਟੋਗਾ ਡਰਾਈਵ ਉੱਤੇ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਗੱਡੀ ਇੱਕ ਰੁੱਖ ਨਾਲ ਜਾ ਟਕਰਾਈ ਤੇ ਫਿਰ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਅੱਗ ਬੁਝਾਉਣ ਤੋਂ ਬਾਅਦ ਗੱਡੀ ਵਿੱਚ ਸਵਾਰ ਤਿੰਨ ਬੱਚੇ ਨਜ਼ਰ ਆਏ ਪਰ ਤਿੰਨਾਂ ਨੂੰ ਹੀ ਮੌਕੇ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ। ਬੱਚਿਆਂ ਦੀ ਪਛਾਣ ਉਨ੍ਹਾਂ ਦੇ ਰਿਸ਼ਤੇਦਾਰ ਐਲਮਨ ਬਲੈਕਮੈਨ ਵੱਲੋਂ 19 ਸਾਲਾ ਤਿਰਜ਼ਾਹ, 17 ਸਾਲਾ ਜੁਡਾਹ ਤੇ 16 ਸਾਲਾ ਫਾਰਾਓਹ ਬਲੈਕਮੈਨ ਵਜੋਂ ਕੀਤੀ ਗਈ।

ਬਲੈਕਮੈਨ ਨੇ ਆਖਿਆ ਕਿ ਬੱਚਿਆਂ ਦੀ ਮਾਂ ਤੇ ਹੋਰਨਾਂ ਭੈਣ ਭਰਾਵਾਂ ਦਾ ਇਸ ਹਾਦਸੇ ਤੋਂ ਬਾਅਦ ਕਾਫੀ ਬੁਰਾ ਹਾਲ ਹੈ। ਪੁਲਿਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਚਿੱਟੇ ਰੰਗ ਦੀ ਹੌਂਡਾ ਸਿਵਿਕ ਦੱਖਣ ਵੱਲ ਜਾ ਰਹੀ ਸੀ ਕਿ ਬਿਨਾਂ ਕਾਰਨ ਸੜਕ ਤੋਂ ਉਤਰ ਗਈ।ਇਸ ਹਾਦਸੇ ਕਾਰਨ ਗੱਡੀ ਦੇ ਸਾਹਮਣੇ ਵਾਲੇ ਹਿੱਸੇ ਨੂੰ ਕਾਫੀ ਨੁਕਸਾਨ ਪਹੁੰਚਿਆ ਤੇ ਹਾਦਸੇ ਵਾਲੀ ਥਾਂ ਉੱਤੇ ਗੱਡੀ ਦੇ ਕਈ ਹਿੱਸੇ ਦੂਰ ਦੂਰ ਤੱਕ ਖਿੱਲਰੇ ਮਿਲੇ।ਹਾਦਸੇ ਦੀ ਜਾਂਚ ਪੀਲ ਪੁਲਿਸ ਦੇ ਮੇਜਰ ਕੌਲੀਜ਼ਨ ਬਿਊਰੋ ਵੱਲੋਂ ਕੀਤੀ ਜਾ ਰਹੀ ਹੈ।

## ਫੈਡਰਲ ਸਰਕਾਰ ਨੇ ਨਸਲਵਾਦ ਵਿਰੋਧੀ ਪ੍ਰੋਜੈਕਟ ਦੇ ਫੰਡਾਂ ਉਤੇ ਲਾਈ ਰੋਕ

ਓਟਵਾ, 22 ਅਗਸਤ (ਪੋਸਟ ਬਿਊਰੋ) : ਡਾਇਵਰਸਿਟੀ ਮੰਤਰੀ ਅਹਿਮਦ ਹੁਸੈਨ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਨਸਲਵਾਦ ਵਿਰੋਧੀ ਪਹਿਲਕਦਮੀ ਨੂੰ ਦਿੱਤੇ ਜਾ ਰਹੇ ਫੰਡਾਂ ਵਿੱਚ ਕਟੌਤੀ ਕਰੇ। ਅਜਿਹਾ ਪ੍ਰੋਜੈਕਟ ਨਾਲ ਜੁੜੇ ਇੱਕ ਸੀਨੀਅਰ ਸਲਾਹਕਾਰ ਵੱਲੋਂ ਨਿੰਦਣਯੋਗ ਤੇ ਨੀਚ ਟਵੀਟਸ ਕੀਤੇ ਜਾਣ ਦੇ ਮੱਦੇਨਜ਼ਰ ਕੀਤਾ ਗਿਆ ਹੈ।



ਸੋਮਵਾਰ ਨੂੰ ਹੁਸੈਨ ਨੇ ਐਲਾਨ ਕੀਤਾ ਕਿ ਇਹ ਪੇਸ਼ਕਦਮੀ, ਜਿਹੜੀ ਕਮਿਊਨਿਟੀ ਮੀਡੀਆ ਐਡਵੋਕੇਸੀ ਸੈਂਟਰ ਵੱਲੋਂ ਚਲਾਈ ਜਾ ਰਹੀ ਸੀ, ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਸ ਨੂੰ ਹੈਰੀਟੇਜ ਡਿਪਾਰਟਮੈਂਟ ਵੱਲੋਂ 133,000 ਡਾਲਰ ਤੋਂ ਵੱਧ ਦੀ ਰਕਮ ਹਾਸਲ ਹੋਈ ਸੀ। ਇਹ ਕਦਮ ਕੈਨੇਡੀਅਨ ਪ੍ਰੈੱਸ ਵੱਲੋਂ ਛਾਪੀ ਗਈ ਉਸ ਰਿਪੋਰਟ ਦੇ ਅਧਾਰ ਉੱਤੇ ਚੁੱਕਿਆ ਗਿਆ ਹੈ ਜਿਸ ਵਿੱਚ ਆਖਿਆ ਗਿਆ ਸੀ ਕਿ ਲੇਥ ਮੈਰੂਫ, ਜੋ ਕਿ ਕੈਨੇਡੀਅਨ ਬ੍ਰੌਡਕਾਸਟਿੰਗ ਲਈ ਨਸਲਵਾਦ ਵਿਰੋਧੀ ਰਣਨੀਤੀ ਤਿਆਰ ਕਰਨ ਵਾਲੇ ਪ੍ਰੋਜੈਕਟ ਦੇ ਸੀਨੀਅਰ ਸਲਾਹਕਾਰ ਹਨ, ਨੇ ਆਪਣੇ ਟਵਿੱਟਰ ਐਕਾਊਂਟ ਉੱਤੇ ਭੱਦੀਆਂ ਟਿੱਪਣੀਆਂ ਕੀਤੀਆਂ ਹਨ।ਉਨ੍ਹਾਂ ਵੱਲੋਂ ਇਨ੍ਹਾਂ ਟਵੀਟਸ ਵਿੱਚ ਭੈੜੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਗਈ ਹੈ।

ਹੁਸੈਨ ਨੇ ਆਖਿਆ ਕਿ ਸਾਡੇ ਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੇ ਭੇਦ-ਭਾਵ ਲਈ ਕੋਈ ਥਾਂ ਨਹੀਂ। ਉਨ੍ਹਾਂ ਆਖਿਆ ਕਿ ਮੈਰੂਫ ਵੱਲੋਂ ਯਹੂਦੀਆਂ ਬਾਰੇ ਜਿਹੜੀਆਂ ਟਿੱਪਣੀਆਂ ਕੀਤੀਆਂ ਗਈਆਂ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।ਇਸ ਲਈ ਅਸੀਂ ਕਮਿਊਨਿਟੀ ਮੀਡੀਆ ਐਡਵੋਕੇਸੀ ਸੈਂਟਰ (ਸੀਐਮਏਸੀ) ਨੂੰ ਨੋਟਿਸ ਭੇਜ ਕੇ ਇਹ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਫੰਡਾਂ ਉੱਤੇ ਰੋਕ ਲਾ ਦਿੱਤੀ ਗਈ ਹੈ ਤੇ ਉਨ੍ਹਾਂ ਦਾ ਪ੍ਰੋਜੈਕਟ ਸਸਪੈਂਡ ਕਰ ਦਿੱਤਾ ਗਿਆ ਹੈ।

## ਮਾਂਟਰੀਅਲ ਵਿੱਚ ਸ਼ੌਲਜ਼ ਨਾਲ ਮੁਲਾਕਾਤ ਕਰਨਗੇ ਟਰੂਡੋ

ਮਾਂਟਰੀਅਲ, 22 ਅਗਸਤ (ਪੋਸਟ ਬਿਊਰੋ) : ਜਰਮਨੀ ਦੇ ਚਾਂਸਲਰ ਓਲਫ ਸ਼ੌਲਜ਼ ਦੀ ਪਹਿਲੀ ਤਿੰਨ ਰੋਜ਼ਾ ਕੈਨੇਡਾ ਫੇਰੀ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਰੁਝੇਵੇਂ ਕਾਫੀ ਵਧਣ ਵਾਲੇ ਹਨ।



ਦੋਵੇਂ ਆਗੂ ਮਾਂਟਰੀਅਲ ਵਿੱਚ ਇੱਕ ਮੁਲਾਕਾਤ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਫੈਡਰਲ ਕੈਬਨਿਟ ਦੇ ਕਈ ਮੰਤਰੀ ਵੀ ਹਾਜਰ ਹੋਣਗੇ।ਟਰੂਡੋ ਦੇ ਆਫਿਸ ਨੇ ਦੱਸਿਆ ਕਿ ਦੋਵਾਂ ਆਗੂਆਂ ਵੱਲੋਂ ਨਿਵੇਸ਼ ਤੇ ਭਾਈਵਾਲੀ ਸਬੰਧੀ ਕਈ ਮੌਕਿਆਂ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ। ਇਨ੍ਹਾਂ ਵਿੱਚ ਮਿਨਰਲ ਤੇ ਆਟੋਮੋਟਿਵ ਸੈਕਟਰ ਵੀ ਸ਼ਾਮਲ ਹੋਣਗੇ। ਫਿਰ ਟਰੂਡੋ ਤੇ ਸ਼ੌਲਜ਼ ਫੈਡਰਲ ਸਰਕਾਰ ਵੱਲੋਂ ਫੰਡ ਪ੍ਰਾਪਤ ਨੈਸ਼ਨਲ ਆਰਟੀਫਿਸ਼ਲ ਇੰਟੈਲੀਜੈਂਸ ਇੰਸਟੀਚਿਊਟ ਦਾ ਦੌਰਾ ਕਰਨਗੇ ਤੇ ਉਸ ਤੋਂ ਬਾਅਦ ਡਿਨਰ ਲਈ ਟੋਰਾਂਟੋ ਜਾਣਗੇ।

ਪਿਛਲੇ ਸਾਲ ਦੇਸ਼ ਦੀ ਵਾਗਡੋਰ ਐਂਜੇਲਾ ਮਾਰਕਲ ਕੋਲੋਂ ਸਾਂਭਣ ਵਾਲੇ ਸ਼ੌਲਜ਼ ਆਪਣੇ ਇਸ ਕੈਨੇਡੀਅਨ ਦੌਰੇ ਦੌਰਾਨ ਪੱਛਮੀ ਨਿਊਫਾਊਂਡਲੈਂਡ ਵਿੱਚ ਸਟੀਫਨਵਿੱਲ ਵਿੱਚ ਵੀ ਰੁਕਣਗੇ।ਚਾਂਸਲਰ ਤੇ ਟਰੂਡੋ ਵੱਲੋਂ ਯੂਕਰੇਨ ਦੀ ਜੰਗ ਬਾਰੇ ਚਰਚਾ ਕੀਤੇ ਜਾਣ ਤੋਂ ਇਲਾਵਾ ਇੱਕ ਡੀਲ ਉੱਤੇ ਸਹੀ ਪਾਏ ਜਾਣ ਦੀ ਸੰਭਾਵਨਵਾ ਵੀ ਹੈ। ਇਸ ਡੀਲ ਤਹਿਤ ਕੈਨੇਡਾ ਜਰਮਨੀ ਨੂੰ ਕਲੀਨ ਹਾਈਡਰੋਜਨ ਸਪਲਾਈ ਕਰੇਗਾ।

## ਕਾਰ ਨੇ ਸਟਰੋਲਰ ਨੂੰ ਮਾਰੀ ਟੱਕਰ, 2 ਸਾਲਾ ਬੱਚੇ ਦੀ ਹਾਲਤ ਨਾਜ਼ੁਕ

ਦਰਹਾਮ, 22 ਅਗਸਤ (ਪੋਸਟ ਬਿਊਰੋ) : ਦਰਹਾਮ ਰੀਜਨ ਵਿੱਚ ਇੱਕ ਕਾਰ ਵੱਲੋਂ ਸਟਰੋਲਰ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਨਿੱਕੇ ਬੱਚੇ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।




ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਐਤਵਾਰ ਰਾਤ ਨੂੰ 8:00 ਵਜੇ ਐਜੈਕਸ ਵਿੱਚ ਸਾਲੇਮ ਰੋਡ ਨੇੜੇ ਵਿਲੀਅਮਜ਼ ਸਟਰੀਟ ਉੱਤੇ ਵਾਪਰਿਆ। ਬੱਚੇ ਨੂੰ ਜਾਨਲੇਵਾ ਸੱਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


























































# ਦੋ ਗੱਡੀਆਂ ਦੀ ਟੱਕਰ ਵਿੱਚ ਕਈ ਜ਼ਖ਼ਮੀ

ਓਨਟਾਰੀਓ, 22 ਅਗਸਤ (ਪੋਸਟ ਬਿਊਰੋ) : ਕਿੰਗ ਸਿਟੀ ਵਿੱਚ ਡਫਰਿਨ ਸਟਰੀਟ ਉੱਤੇ ਹੋਏ ਜ਼ਬਰਦਸਤ ਹਾਦਸੇ ਕਾਰਨ ਇਸ ਇਲਾਕੇ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਇਸ ਹਾਦਸੇ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ।

ਵੈਲਿੰਗਟਨ ਰੋਡ ਨੇੜੇ ਡਫਰਿਨ ਸਟਰੀਟ ਉੱਤੇ ਦੁਪਹਿਰੇ 3:20 ਉੱਤੇ ਇਹ ਹਾਦਸਾ ਵਾਪਰਿਆ। ਹਾਦਸੇ ਦੀਆਂ ਤਸਵੀਰਾਂ ਤੋਂ ਸਾਹ-ਮਣੇ ਆਇਆ ਕਿ ਦੋ ਗੱਡੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ, ਦੋਵੇਂ ਗੱਡੀਆਂ ਟੁੱਟੀ ਭੱਜੀ ਹਾਲਤ ਵਿੱਚ ਸੜਕ ਦੇ ਕਿਨਾਰੇ ਉੱਤੇ ਖੜ੍ਹੀਆਂ ਹਨ ਤੇ ਇੱਕ ਤਾਂ ਛੱਤ ਦੇ ਭਾਰ ਪਈ ਹੈ।



ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਕੋਈ ਵਿਅਕਤੀ ਗੱਡੀ ਵਿੱਚੋਂ ਬਾਹਰ ਜਾ ਡਿੱਗਿਆਂ ਤੇ ਉਸ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਜਾਂਦੀ ਹੈ। ਕੁੱਝ ਮਹਿਲਾਵਾਂ ਨੂੰ ਵੀ ਕਾਫੀ ਸੱਟਾਂ ਲੱਗੀਆਂ।ਪੁਲਿਸ ਤੇ ਫਾਇਰਫਾਈਟਰ ਮੌਕੇ ਉੱਤੇ ਹਾਲਾਤ ਦਾ ਜਾਇਜ਼ਾ ਲੈ ਰਹੇ ਸਨ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕਾਰ ਘਰ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਹੋਈ ਮੌਤ

ਟੋਰਾਂਟੋ, 22 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਰੈਕਸਡੇਲ ਨੇੜੇ ਸਥਿਤ ਇੱਕ ਘਰ ਵਿੱਚ ਗੱਡੀ ਦੇ ਇੱਕ ਘਰ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਮੌਤ ਹੋ ਗਈ।

ਸ਼ੈਪਰਡ ਐਵਨਿਊ ਵੈਸਟ ਦੇ ਦੱਖਣ ਵੱਲ ਵੈਸਟਨ ਰੋਡ ਤੇ ਸਟਾਰਵਿਊ ਲੇਨ ਨੇੜੇ ਰਾਤੀਂ 8:30 ਵਜੇ ਦੋ ਗੱਡੀਆਂ ਦਰਮਿਆਨ ਹੋਈ ਟੱਕਰ ਦੀ ਜਾਣਕਾਰੀ ਪੁਲਿਸ ਨੂੰ ਦੇ ਕੇ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਕਾਰ ਘਰ ਨਾਲ ਜਾ ਟਕਰਾਈ ਤੇ ਡਰਾਈਵਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਟੋਰਾਂਟੋ ਪੈਰਾਮੈਡਿਕਸ ਵੱਲੋਂ ਉਸ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਦੂਜੇ ਡਰਾਈਵਰ ਨੂੰ ਕੋਈ ਸੱਟਾਂ ਲੱਗੀਆਂ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।




ਭੇਟ ਹੋਏ ਕੀਮਤੀ ਸਾਮਾਨ ਦੀ ਹੇਰਾਫੇਰੀ

# ਪੰਜ ਪਿਆਰਿਆਂ ਨੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਨੂੰ 24 ਨੂੰ ਪੇਸ਼ ਹੋਣ ਦਾ ਹੁਕਮ ਭੇਜਿਆ


*** ਹਰਮੀਤ ਸਿੰਘ ਕਾਲਕਾ ਨੇ ਹਿੱਤ ਦੀ ਪ੍ਰਧਾਨਗੀ ਉੱਤੇ ਸਵਾਲ ਚੁੱਕੇ**

ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਦੀਬੈਠਕ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੀਨੀਅਰ ਗ੍ਰੰਥੀ ਗਿਆਨੀ ਦਲੀਪ ਸਿੰਘ, ਗਿਆਨੀ ਭਾਈ ਗੁਰਦਿਆਲ ਸਿੰਘ, ਗ੍ਰੰਥੀ ਪਰਸੂਰਾਮ ਸਿੰਘ ਤੇ ਭਾਈ ਸੁਖਦੇਵ ਸਿੰਘ ਹਾਜ਼ਰ ਸਨ। ਉਨ੍ਹਾਂ ਨੇ ਕਰਤਾਰਪੁਰ ਵਾਸੀ ਡਾ. ਗੁਰਵਿੰਦਰ ਸਿੰਘ ਸਮਰਾ ਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੂੰ 24 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਪੰਚ-ਏ-ਮਸਕੀਨ ਮੂਹਰੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

ਵਰਨਣ ਯੋਗ ਹੈ ਕਿ ਗੁਰੂ ਘਰ ਵਿੱਚ ਭੇਟ ਕੀਤੇ ਪੀੜ੍ਹਾ ਸਾਹਿਬ ਸਮੇਤ ਪੰਜ ਕਰੋੜ ਰੁਪਏ ਤੋਂ ਵੱਧ ਜਾਇਦਾਦ ਦੀ ਗੁਣਵੱਤਾ ਉੱਤੇ ਉੱਠੇ ਸਵਾਲਾਂ ਮਗਰੋਂ ਦਾਨ ਕਰਨ ਵਾਲੇ ਡਾ: ਗੁਰਵਿੰਦਰ ਸਿੰਘ ਸਮਰਾ ਨੇ ਇਸ ਲਈ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਜ਼ਿੰਮੇਵਾਰ ਕਿਹਾ ਸੀ। ਇਸ ਪਿੱਛੋਂਇਸ ਵਿਵਾਦ ਵਿੱਚ ਪੰਜ ਪਿਆਰਿਆਂ ਨੇ ਫੈਸਲਾ ਲਿਆ ਤੇ ਇਸੇ ਦੌਰਾਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਤਖ਼ਤ ਸਾਹਿਬ ਵਿਖੇ ਇਸ ਵਿਵਾਦ ਤੋਂ ਬਾਅਦ ਪੰਜ ਮੈਂਬਰੀ ਜਾਂਚ ਕਮੇਟੀ ਬਣਾ ਦਿੱਤੀ ਸੀ, ਜਿਸ ਦੀ ਜਾਂਚ ਰਿਪੋਰਟ ਉੱਤੇ ਪ੍ਰਬੰਧਕੀ ਕਾਰਵਾਈ ਚੱਲ ਰਹੀ ਹੈ।

ਦੂਸਰੇ ਪਾਸੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਦੇ ਸੇਵਾਦਾਰਾਂ ਵੱਲੋਂ 6 ਨੁਕਤੀ ਮੰਗਾਂ ਬਾਰੇ ਸੰਘਰਸ਼ ਚੱਲ ਰਿਹਾ ਹੈ। ਸੇਵਾਦਾਰਾਂ ਦਾ ਦੋਸ਼ ਹੈ ਕਿ ਉਨ੍ਹਾਂ ਦੀ ਹਾਜ਼ਰੀ ਉੱਤੇ ਰੋਕ ਬੰਦ ਕਰ ਕੇ ਉਨ੍ਹਾਂ ਨੂੰ ਸੇਵਾ ਵਿੱਚ ਵਾਪਸ ਲੈਣਦੇ ਨਾਲ ਦੋ ਹਜ਼ਾਰ ਰੁਪਏ ਮਹਿਗਾਈ ਭੱਤਾ ਦਿੱਤਾ ਜਾਵੇ। ਉਨ੍ਹਾਂ ਦੀ ਇਹ ਵੀ ਮੰਗ ਹੈ ਕਿ ਸੇਵਾਦਾਰਾਂ ਲਈ ਬਣੇ ਸਰਵਿਸ ਰੂਲਜ਼ ਦੀ ਕਾਪੀ ਉਨ੍ਹਾਂ ਨੂੰ ਦਿੱਤੀ ਜਾਵੇ। ਪ੍ਰਬੰਧਕਾਂ ਅਤੇ ਸੁਪਰਡੈਂਟ ਵਿਰੁੱਧ ਕਾਰਵਾਈ ਦੀ ਮੰਗ ਲਈ 'ਸੇਵਾਦਾਰ ਸਮਾਜ ਕਲਿਆਣ ਸੰਮਤੀ' ਦੇ ਬੈਨਰ ਹੇਠ ਦਿੱਤੇ ਗਏ ਧਰਨੇ ਦੀ ਪ੍ਰਧਾਨਗੀ ਕਰਦੇ ਹੋਏ ਤਜਿੰਦਰ ਸਿੰਘ ਬੰਟੀ ਨੇ ਕਿਹਾ ਕਿ ਇਸ ਦੇ ਬਾਅਦ ਲਾਕਡਾਊਨ ਵੀ ਕੀਤਾ ਜਾਏਗਾ ਅਤੇ ਪੁਤਲਾ ਵੀ ਫੂਕਿਆ ਜਾਵੇਗਾ।

ਓਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੇ ਅੱਜ ਗੁਰਦ-ਆਰਾ ਰਕਾਬ ਗੰਜ ਸਾਹਿਬ ਦੇ ਕਾਨਫਰੰਸ ਹਾਲ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਿੱਧਾ ਪੁੱਛਿਆ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਗੁਰੂ ਘਰ ਦੇ ਪ੍ਰੇਮੀ ਡਾ. ਗੁਰਵਿੰਦਰ ਸਿੰਘ ਸਮਰਾ ਵੱਲੋਂ ਭੇਟ ਕੀਤੇ ਬੇਸ਼ਕੀਮਤੀ ਸਾਮਾਨਦੀ ਹੇਰਾਫੇਰੀ ਦੇ ਦੋਸ਼ਾਂਦੇ ਬਾਰੇ ਉਹ (ਗਿਆਨੀ ਹਰਪ੍ਰੀਤ ਸਿੰਘ) ਚੁੱਪ ਕਿਉਂ ਹਨ। ਉਨ੍ਹਾਂ ਕਿਹਾ ਕਿ ਇਸ ਵਿੱਚ ਅਵਤਾਰ ਸਿੰਘ ਹਿੱਤ ਦੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਧਾਨਗੀ ਦੇ ਅਹੁਦੇ ਉੱਤੇ ਹੁੰਦਿਆਂ ਸੱਚ ਬਾਹਰ ਆਉਣਾ ਮੁਸ਼ਕਲ ਹੈ। ਕਾਲਕਾ ਅਤੇ ਕਾਹਲੋਂ ਨੇ ਕੇਸ ਦੀ ਗੰਭੀਰਤਾ ਦੱਸ ਕੇ ਇਸ ਕੇਸ ਵਿੱਚ ਸ੍ਰੀ ਅਕਾਲ ਤਖ਼ਤ ਦੇ ਤੁਰੰਤ ਦਖ਼ਲਦੀ ਲੋੜ ਅਹਿਮਦੱਸੀਅਤੇ ਅਜਿਹਾ ਨਾ ਹੋਣ ਉੱਤੇਦਿੱਲੀ ਕਮੇਟੀ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਨਾਲ ਸ੍ਰੀ ਅਕਾਲ ਤਖ਼ਤ ਅੱਗੇ ਧਰਨਾ ਦੇਣ ਦਾ ਐਲਾਨ ਵੀ ਕੀਤਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਅਵਤਾਰ ਸਿੰਘ ਹਿੱਤਦਾ ਦਾਅਵਾ ਹੈ ਕਿ ਡਾ. ਸਮਰਾ ਵੱਲੋਂ ਗੁਰੂਘਰ ਨੂੰ ਭੇਟ ਕੀਤਾ ਕਰੋੜਾਂ ਰੁਪਏ ਦਾ ਬੇਸ਼ਕੀਮਤੀ ਸਾਮਾਨ ਉਨ੍ਹਾਂ ਨੇ ਅੱਜ ਤੱਕ ਦੇਖਿਆ ਨਹੀਂ, ਪਰਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਨੇ ਜਨਵਰੀ ਵਿੱਚ ਪੱਤਰ ਜਾਰੀ ਕਰਕੇ ਡਾ. ਗੁਰਵਿੰਦਰ ਸਿੰਘ ਸਮਰਾ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਲਈਬੇਸ਼ਕੀਮਤੀ ਹੀਰੇ ਜੜਤ ਸੋਨੇ ਦੀ ਕਲਗੀ ਤੇ ਇੱਕ ਬੇਸ਼ਕੀਮਤੀ 1300 ਹੀਰੇ ਜੜਤ 5 ਫੁੱਟ ਦਾ ਸੋਨੇ ਦਾ ਹਾਰ ਅਤੇਸਵਾ ਸੇਰ ਸੋਨੇ ਦੀ ਸ੍ਰੀ ਸਾਹਿਬ (ਕ੍ਰਿਪਾਨ) ਤੇ ਬੇਸ਼ਕੀਮਤੀ ਸੁਖਆਸਨ ਲਈ ਪਲੰਗ ਭੇਟਾ ਕੀਤੇ ਜਾਣ ਲਈ ਏਸੇ ਡਾ. ਗੁਰਵਿੰਦਰ ਸਿੰਘ ਸਮਰਾ ਨੂੰ 'ਅਨਿੰਨ ਸੇਵਕ' ਸਨਮਾਨ ਨਾਲ ਨਿਵਾਜਿਆ ਗਿਆ ਸੀ।



## ਗੁਰੂ ਨਾਨਕ 'ਵਰਸਿਟੀ ਦੇ ਵਾਈਸ ਚਾਂਸਲਰ ਵਿਰੁੱਧ ਵਿਜੀਲੈਂਸ ਜਾਂਚ ਸ਼ੁਰੂ



ਅੰਮ੍ਰਿਤਸਰ, 22 ਅਗਸਤ, (ਪੋਸਟ ਬਿਊਰੋ)-ਵਿਜੀਲੈਂਸ ਬਿਊਰੋ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ ਐੱਨ ਡੀ ਯੂ) ਟੀਚਿੰਗ ਐਸੋਸੀਏਸ਼ਨ ਦੀ ਮੰਗ ਉੱਤੇ ਇਸ ਯੂਨੀਵਰਸਿਟੀ ਵਿੱਚ ਟੀਚਰਾਂ ਸਣੇ ਵੱਖ-ਵੱਖਅਹੁਦਿਆਂ ਲਈ ਨਿਯਮਾਂ ਨੂੰ ਭੁਲਾ ਕੇ ਕੀਤੀਆਂ ਨਿਯੁਕਤੀਆਂ ਦੀ ਸ਼ਿਕਾਇਤ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਜਾਂਚ ਵਿਜੀਲੈਂਸ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਉੱਤੇ ਸ਼ੁਰੂ ਕੀਤੀ ਦੱਸੀ ਜਾਂਦੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਵਿਜੀਲੈਂਸ ਦੀ ਰਾਡਾਰ ਉੱਤੇ ਮੁੱਖ ਤੌਰ ਉੱਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ ਡਾ. ਜਸਪਾਲ ਸਿੰਘ ਸੰਧੂ ਹਨ ਅਤੇ ਪੰਜਾਬ ਸਰਕਾਰ ਨੇ ਜਾਂਚ ਦੀ ਜ਼ਿਮੇਵਾਰੀਆ ਈ ਜੀ ਮਨਮੋਹਨ ਸਿੰਘ ਨੂੰ ਦਿੱਤੀ ਹੈ। ਵਿਜੀਲੈਂਸ ਟੀਮ ਅੱਜ ਸਵੇਰੇ ਯੂਨੀਵਰਸਿਟੀ ਕੈਂਪਸਗਈ ਤਾਂ ਪੂਰੀ ਯੂਨੀਵਰਸਿਟੀਵਿੱਚ ਹਲਚਲ ਮੱਚ ਗਈ, ਪਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਸਬੰਧ ਵਿੱਚ ਕੋਈ ਜਾਣਕਾਰੀ ਦੇਣ ਨੂੰ ਤਿਆਰ ਨਹੀਂ ਸੀ।

ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਟੀਚਿੰਗ ਐਸੋਸੀਏਸ਼ਨ ਨੇ ਕੁਝ ਸਮਾਂ ਪਹਿਲਾਂ ਕੁਝ ਪੋਸਟਾਂ ਭਰਨ ਉੱਤੇ ਸਵਾਲ ਚੁੱਕੇ ਤੇ ਕਿਹਾ ਸੀ ਕਿ ਸੀਨੀਅਰ ਟੀਚਰਾਂ ਨੂੰ ਲਾਂਭੇ ਕਰ ਕੇ ਸੀਨੀਅਰ ਪੋਸਟਾਂ ਉੱਤੇ ਵਾਈਸ ਚਾਂਸਲਰ ਨੇ ਆਪਣੇ ਪਸੰਦੀਦਾ ਅਫਸਰ ਬਿਠਾ ਦਿੱਤੇ ਹਨ, ਜਿਹੜੇ ਪੀ ਐੱਚ ਡੀ ਤੱਕ ਨਹੀਂ ਸਨ। ਟੀਚਿੰਗ ਐਸੋਸੀਏਸ਼ਨ ਨੇ ਇਸ ਤੋਂ ਪਹਿਲਾਂ ਡਾਕਟਰ ਜਸਪਾਲ ਸਿੰਘ ਸੰਧੂ ਬਾਰੇ ਦੋਸ਼ ਲਾਇਆ ਸੀ ਕਿ ਉਸਨੂੰ ਵਾਈਸ ਚਾਂਸਲਰ ਬਣਾਉਣ ਦੇ ਵਕਤ ਕਈ ਸੀਨੀਅਰ ਅਧਿਆਪਕਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਸੀ। ਡਾ: ਜਸਪਾਲ ਸਿੰਘ ਸੰਧੂ ਦੇ ਸਾਲ 2017 ਵਿੱਚ ਵਾਈਸ ਚਾਂਸਲਰ ਬਣਨ ਤੋਂ ਪਹਿਲੇ ਵਾਈਸ ਚਾਂਸਲਰ ਡਾ: ਅਜਾਇਬ ਸਿੰਘ ਬਰਾੜ ਨੇ ਅਸਤੀਫ਼ਾ ਦੇ ਦਿੱਤਾ ਸੀ।ਡਾ: ਜਸਪਾਲ ਸਿੰਘ ਸੰਧੂ ਨੂੰ 2020 ਵਿੱਚ ਉਨ੍ਹਾਂ ਦਾ ਕਾਰਜਕਾਲ ਮੁੱਕਣਪਿੱਛੋਂ 3 ਸਾਲਾ ਐਕਸਟੈਂਸ਼ਨ ਦਿੱਤੀ ਗਈ ਸੀ। ਇਸ ਦੇ ਨਾਲ ਟੀਚਿੰਗ ਐਸੋਸੀਏਸ਼ਨ ਨੇ ਯੂਨੀਵਰਸਿਟੀ ਰਜਿਸਟਰਾਰ ਅਤੇ ਡੀਨ ਅਕਾਦਮਿਕ ਦੀਆਂ ਨਿਯੁਕਤੀਆਂ ਉੱਤੇ ਵੀ ਸਵਾਲ ਚੁੱਕੇ ਅਤੇਵੱਖ-ਵੱਖ ਧਾਂਦਲੀਆਂ ਦੇ ਦੋਸ਼ ਲਾਏ ਸਨ।

## ਅਨਾਜ ਘਪਲੇ ਦਾ ਕੇਸ ਵਿਚ ਕਾਂਗਰਸ ਦਾ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵੀ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

### * ਸਰਕਾਰੀ ਡਿਊਟੀ ਵਿੱਚ ਵਿਘਨ ਦੇ ਦੋਸ਼ ਹੇਠ ਬਿੱਟੂ ਖਿਲਾਫ ਸ਼ਿਕਾਇਤ



ਲੁਧਿਆਣਾ, 22 ਅਗਸਤ, (ਪੋਸਟ ਬਿਊਰੋ)- ਕਾਂਗਰਸ ਸਰਕਾਰ ਵੇਲੇ ਮੰਡੀਆਂ ਤੋਂ ਕਿਸਾਨਾਂ ਕੋਲੋਂ ਖਰੀਦਿਆ ਅਨਾਜ ਚੁੱਕਣ ਦੇ ਕੇਸ ਵਿੱਚ ਸਾਬਕਾ ਮੰਤਰੀ ਤੇ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਅੱਜ ਪੰਜਾਬ ਵਿਜੀਲੈਂਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਅੱਜ ਸਵੇਰੇ ਕਾਂਗਰਸ ਨੇ ਮੁਹਾਲੀ ਵਿੱਚ ਵਿਜੀਲੈਂਸ ਮੁਖੀ ਦੇ ਦਫ਼ਤਰ ਅੱਗੇ ਪ੍ਰਦਰਸ਼ਨ ਕੀਤਾ ਤਾਂ ਉਸ ਵਕਤਭਾਰਤ ਭੂਸ਼ਣ ਆਸ਼ੂ ਵੀ ਮੋਹਾਲੀ ਵਿੱਚ ਸੀ, ਪਰ ਵਿਜੀਲੈਂਸ ਨੇ ਉਸ ਨੂੰ ਉਥੇ ਗ੍ਰਿਫਤਾਰ ਨਹੀਂ ਸੀ ਕੀਤਾ, ਲੁਧਿਆਣਾ ਪਹੁੰਚਣ ਦੇ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ।

ਇਸ ਤੋਂ ਪਹਿਲਾਂ ਬੀਤੇ ਹਫਤੇ ਵਿਜੀਲੈਂਸ ਬਿਊਰੋ ਨੇ ਮੰਡੀਆਂ ਵਿੱਚੋਂ ਅਨਾਜ ਦੀ ਲਿਫਟਿੰਗ ਦਾ ਠੇਕਾ ਲੈਣ ਵਾਲੇ ਠੇਕੇਦਾਰ ਤੇਲੂ ਰਾਮ, ਉਸ ਦੇ ਸਾਥੀ ਜਗਰੂਪ ਸਿੰਘ, ਗੁਰਦਾਸ ਰਾਮ ਐਂਡ ਕੰਪਨੀ ਅਤੇ ਸੰਦੀਪ ਭਾਟੀਆ ਖਿਲਾਫ ਕੇਸ ਦਰਜ ਕਰਵਕੇ ਤੇਲੂ ਰਾਮ ਨੂੰ ਗ੍ਰਿਫ਼ਤਾਰ ਕੀਤਾ ਸੀ।ਵਿਜੀਲੈਂਸ ਨੇ ਕੁਝ ਦਿਨ ਪਹਿਲਾਂ ਭਾਰਤ ਭੂਸ਼ਣ ਆਸ਼ੂ ਦੇ ਨੇੜੂ ਮੀਨੂੰ ਮਲਹੋਤਰਾ ਦਾ ਨਾਮ ਵੀ ਲਿਆ ਅਤੇ ਉਸ ਦੇ ਘਰ ਛਾਪਾ ਮਾਰਿਆ ਸੀ, ਪਰ ਉਹ ਫਰਾਰ ਹੋ ਗਿਆ ਸੀ।ਭਾਰਤ ਭੂਸ਼ਣ ਆਸ਼ੂ ਪਹਿਲਾਂ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਲੈਣ ਲਈ ਪਟੀਸ਼ਨ ਦਾਇਰ ਕਰ ਚੁੱਕੇ ਹਨ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵੀਭਾਰਤ ਭੂਸ਼ਣ ਆਸ਼ੂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ, ਪਰ ਉਦੋਂ ਕੈਪਟਨ ਅਮਰਿੰਦਰ ਸਿੰਘ ਨੇਉਸ ਦੇ ਬਚਾਅ ਲਈ ਕਲੀਨ ਚਿੱਟ ਦੇ ਦਿੱਤੀ ਸੀ। ਅੱਜ ਭਾਰਤ ਭੂਸ਼ਣ ਆਸ਼ੂ ਜਦੋਂ ਵਾਲ ਕਟਾਉਣ ਲਈ ਸੈਲੂਨ ਗਏ ਤਾਂ ਵਿਜੀਲੈਂਸ ਦਾ ਇੱਕ ਅਧਿਕਾਰੀ ਚੁੱਪ-ਚੁੱਪ ਕੋਲ ਜਾ ਕੇ ਬੈਠ ਗਿਆ ਅਤੇ ਕਹਿੰਗ ਦਾ ਕੰਮ ਮੁੱਕਣ ਦੇ ਨਾਲ ਹੀ ਗ੍ਰਿਫਤਾਰੀ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਭਾਰਤ ਭੂਸ਼ਣ ਫਸ ਕੇ ਰਹਿ ਗਿਆ ਸੀ।

ਵਰਨਣ ਯੋਗ ਹੈ ਕਿ ਨਵਾਂਸ਼ਹਿਰ ਦੇ ਠੇਕੇਦਾਰ ਗੁਰਪ੍ਰੀਤ ਸਿੰਘ ਨੇ ਵਿਜੀਲੈਂਸ ਬਿਊਰੋ ਨੂੰ ਸ਼ਿਕਾਇਤਦਿੱਤੀ ਸੀ ਕਿ ਸਾਲ 2020-21 ਵਿੱਚ ਖੁਰਾਕ ਸਪਲਾਈ ਵਿਭਾਗ ਨੇ ਅਨਾਜ ਦੀ ਲਿਫਟਿੰਗ ਦਾ ਠੇਕਾ ਦੇਣ ਦੀ ਨੀਤੀ ਬਦਲ ਦਿੱਤੀ ਸੀ। ਸਾਲ 2019-20 ਤੱਕ ਖਰੀਦ ਲਿਫਟਿੰਗ ਨੀਤੀ ਵਿੱਚ ਖਰੀਦ ਕਲੱਸਟਰ ਦੀ ਯੋਗਤਾ ਕਣਕ ਦੀ ਆਮਦ ਮੁਤਾਬਕ ਤੈਅ ਹੁੰਦੀ ਸੀ। ਵਿਭਾਗ ਨੇ 2020-21 ਵਿੱਚ ਝੋਨੇ ਤੇ ਕਣਕ ਦੀ ਆਮਦ ਦੇ ਹਿਸਾਬ ਖਰੀਦ ਕਲੱਸਟਰ ਦੀ ਸਮਰੱਥਾ ਤੈਅ ਕੀਤੀ ਤਾਂ ਮੁਕਾਬਲਾ ਘਟਣ ਨਾਲ ਕਈ ਠੇਕੇਦਾਰ ਟੈਂਡਰ ਵਿੱਚਸ਼ਾਮਲ ਨਹੀਂ ਸਨ ਹੋਏ ਤਾਂ ਕਈ ਠੇਕੇਦਾਰਾਂ ਦੀਆਂ ਕਮੀਆਂ ਦੱਸ ਕੇ ਠੇਕਾ ਰੱਦ ਕਰ ਦਿੱਤਾ ਗਿਆ ਸੀ।ਪਿੱਛੋਂ ਠੇਕੇਦਾਰ ਤੇਲੂ ਰਾਮ ਤੇ ਉਸ ਦੇ ਸਾਥੀਆਂ ਨੂੰ ਠੇਕਾ ਦੇ ਦਿੱਤਾ ਗਿਆ। ਦੋਸ਼ ਇਹ ਸੀ ਕਿ ਠੇਕਾ ਲੈਣ ਲਈ ਤੇਲੂ ਰਾਮ ਅਤੇ ਉਸ ਦੇ ਸਾਥੀਆਂ ਨੇ ਜਿਨ੍ਹਾਂ ਗੱਡੀਆਂ ਦੇ ਨੰਬਰ ਦਿੱਤੇ, ਉਹ ਦੋਪਹੀਆ ਸਨ, ਜਿਨ੍ਹਾਂ ਦੇ ਗੇਟ ਪਾਸ ਵੇਖੇ ਬਿਨਾਂ ਭੁਗਤਾਨ ਕੀਤਾ ਗਿਆ ਸੀ।ਓਦੋਂ ਭਾਰਤ ਭੂਸ਼ਣ ਆਸ਼ੂ ਖੁਰਾਕ ਸਪਲਾਈ ਮੰਤਰੀ ਸਨ ਤੇ ਇਸ ਕਰੋੜਾਂ ਦੇ ਘਪਲੇ ਵਿੱਚਭਾਰਤ ਭੂਸ਼ਣ ਆਸ਼ੂ ਅਤੇ ਉਸ ਦੇ ਪੀਏ ਦਾ ਨਾਂ ਆਇਆ ਸੀ।

ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਵੇਲੇ ਵਿਜੀਲੈਂਸ ਵਿਭਾਗ ਦੀ ਟੀਮ ਨਾਲ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਚੋਖੀ ਬਹਿਸ ਕੀਤੀ ਤੇ ਸੈਲੂਨ ਵਿੱਚ ਡੀਐੱਸ ਪੀ ਨਾਲ ਬਦਸਲੂਕੀ ਕੀਤੀ ਅਤੇਭਾਰਤ ਭੂਸ਼ਣ ਆਸ਼ੂ ਨੂੰ ਲਿਜਾਣ ਤੋਂਰੋਕਣ ਦੀ ਕੋਸ਼ਿਸ਼ ਕੀਤੀ।ਇਸ ਕਰਕੇ ਰਵਨੀਤ ਸਿੰਘ ਬਿੱਟੂਉੱਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦਾ ਦੋਸ਼ ਲੱਗ ਗਿਆ ਹੈ। ਇਸ ਦੀ ਮੋਬਾਈਲ ਉੱਤੇ ਬਣਾਈ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਜਾਣ ਪਿੱਛੋਂ ਚੰਡੀਗੜ੍ਹ ਤੋਂ ਮਿਲੇ ਨਿਰਦੇਸ਼ਾਂ ਉੱਤੇ ਵਿਜੀਲੈਂਸ ਟੀਮ ਨੇ ਪੁਲਸ ਕਮਿਸ਼ਨਰ ਲੁਧਿਆਣਾ ਡਾ. ਕੌਸਤੁਭ ਸ਼ਰਮਾ ਨੂੰ ਸ਼ਿਕਾਇਤਦਿੱਤੀ ਹੈ। ਇਸ ਤੋਂ ਪਹਿਲਾਂਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਕਰਨਵੇਲੇਵੱਡੀ ਗਿਣਤੀਕਾਂਗਰਸੀ ਵਿਜੀਲੈਂਸ ਦਫ਼ਤਰ ਪੁੱਜੇਅਤੇ ਉਨ੍ਹਾਂ ਨੇ ਧਰਨਾ ਦੇ ਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਦੇਰ ਸ਼ਾਮ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਲੁਧਿਆਣਾ ਪੁੱਜੇਅਤੇ ਪਾਰਲੀਮੈਂਟ ਰਵਨੀਤ ਸਿੰਘਬਿੱਟੂ ਅਤੇ ਹੋਰ ਸੀਨੀਅਰ ਕਾਂਗਰਸੀ ਆਗੂਆਂ ਸਮੇਤ ਸਰਕਾਰ ਉੱਤੇ ਸਿਆਸੀ ਬਦਲਾਖੋਰੀ ਦਾ ਦੋਸ਼ ਲਾ ਕੇ ਕਿਹਾ ਕਿ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪਭਾਰਤ ਭੂਸ਼ਣ ਆਸ਼ੂ ਨਾਲ ਚੱਟਾਨ ਵਾਂਗ ਖੜ੍ਹੀ ਹੈ।

## ਅੱਜ ਨਾਮਾ

ਗਏ ਸੀ ਲੜਨ ਸਰਕਾਰ ਨਾਲ ਕਾਂਗਰਸੀਏ,
ਫਸ ਗਏ ਆਪਸ ਦੇ ਵਿੱਚ ਉਹ ਫੇਰ ਬੇਲੀ।
ਪਾਰਕਿੰਗ ਕਰਨ ਦਾ ਬਣ ਗਿਆ ਬੜਾ ਮੁੱਦਾ,
ਆਗੂਆਂ ਲਾਈ ਨਹੀਂ ਰੁੱਸਦਿਆਂ ਦੇਰ ਬੇਲੀ।
ਖਬਰ ਪ੍ਰੋਟੈੱਸਟ ਦੀ ਲੋਕਾਂ ਨੂੰ ਮਿਲੂ ਭਲਕੇ,
ਚਰਚਿਆਂ ਨਾਲਜਾਊ ਗੁਜ਼ਰ ਸਵੇਰ ਬੇਲੀ।
ਹਰ ਕੋਈ ਆਪਣਾ ਨੁਕਸ ਲੁਕਾਉਣ ਮਗਰੋਂ,
ਗਿਣਾਊ ਬੱਸ ਹੋਰਾਂ ਦਾ ਨੁਕਸ ਨਿਖੇਰ ਬੇਲੀ।
ਓਧਰ ਆਈ ਹਿਮਾਚਲ ਦੀ ਖਬਰ ਕਹਿੰਦੀ,
ਉੱਭਰਵਾਂ ਆਗੂ ਗਿਆ ਪਾਰਟੀ ਛੋੜ ਬੇਲੀ।
'ਆਪ' ਪਾਰਟੀ ਭਿੜਨ ਲਈ ਭਾਜਪਾ ਨਾਲ,
ਕਾਂਗਰਸ ਵਰਕਰਾਂ ਨੂੰ ਰਹੀ ਆ ਜੋੜ ਬੇਲੀ।

**ਤੀਸ ਮਾਰ ਖਾਂ**

## ਨਾਭਾ ਜੇਲ੍ਹ ਵਿੱਚ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਬਾਰੇ ਹਾਈ ਕੋਰਟ ਵੱਲੋਂ ਜਾਂਚ ਦੇ ਆਦੇਸ਼

ਚੰਡੀਗੜ੍ਹ, 22 ਅਗਸਤ, (ਪੋਸਟ ਬਿਊਰੋ)- ਨਾਭਾ ਦੀ ਹਾਈ ਸਕਿਉਰਿਟੀ ਜੇਲ੍ਹ ਵਿੱਚ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਦੇ ਕੇਸ ਵਿੱਚ ਪੰਜਾਬ ਹਰਿਆਣਾ ਅੱਜ ਹਾਈ ਕੋਰਟ ਨੇ ਇਸਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਉਣ ਦੇ ਆਦੇਸ਼ ਦਿੱਤੇ ਹਨ, ਜਿਹੜੀ ਐਡੀਸ਼ਨਲ ਡੀਜੀਪੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਹੋਵੇਗੀ। ਇਸ ਬਾਰੇ ਮ੍ਰਿਤਕ ਮਹਿੰਦਰਪਾਲ ਬਿੱਟੂ ਦੀ ਪਤਨੀ ਸੰਤੋਸ਼ ਕੁਮਾਰੀ ਨੇ ਹਾਈ ਕੋਰਟ ਵਿੱਚਅਰਜ਼ੀਪੇਸ਼ ਕੀਤੀ ਅਤੇ ਮੰਗ ਕੀਤੀ ਸੀ ਕਿ ਇਸ ਕੇਸ ਦੀ ਸੀਬੀਆਈ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਸੰਨ 2015 ਵਿੱਚ ਬਰਗਾੜੀਦੇ ਬੇਅਦਬੀ ਕਾਂਡ ਵਿੱਚ ਪੰਜਾਬ ਪੁਲਿਸ ਨੇ 2018 ਵਿੱਚ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ 22 ਜੂਨ 2019 ਨੂੰ ਨਾਭਾ ਦੀ ਹਾਈ ਸਕਿਓਰਟੀ ਜੇਲ੍ਹ ਵਿੱਚ 2 ਕੈਦੀਆਂ ਨੇ ਉਸ ਦਾ ਕਤਲ ਕਰ ਦਿੱਤਾ ਸੀ। ਪਰਿਵਾਰ ਨੂੰ ਜੇਲ੍ਹ ਵਿੱਚੋਂ ਮਿਲੇ ਸਾਮਾਨ ਵਿੱਚ ਮਿਲੀ ਡਾਇਰੀ ਵਿੱਚਬਿੱਟੂ ਨੇ ਸ਼ੱਕ ਪ੍ਰਗਟ ਕੀਤਾ ਸੀ ਕਿ ਉਸ ਦਾ ਕਤਲ ਹੋ ਸਕਦਾ ਹੈ। ਮਹਿੰਦਰਪਾਲ ਬਿੱਟੂ ਦੀ ਪਤਨੀ ਸੰਤੋਸ਼ ਕੁਮਾਰੀ ਨੇ ਡਾਇਰੀ ਦੇ ਆਧਾਰ ਉੱਤੇ ਪੰਜਾਬਹਰਿਆਣਾ ਹਾਈ ਕੋਰਟਨੂੰ ਅਰਜ਼ੀ ਦਿੱਤੀ ਸੀ ਕਿ ਬਿੱਟੂ ਨੇ ਜੇਲ੍ਹ ਵਿਚ ਲਿਖੀ ਡਾਇਰੀ ਵਿੱਚ ਤੱਥ ਪੇਸ਼ ਕੀਤੇ ਹਨ ਕਿਉਸ ਉੱਤੇ ਕਿਵੇਂ ਜ਼ੁਲਮ ਹੋਇਆ, ਇਹ ਡਾਇਰੀ ਆਪਣੇ ਆਪ ਵਿੱਚ ਸਬੂਤ ਹੈ, ਕਿਉਂਕਿ ਬਿੱਟੂ ਨੇ ਉਨ੍ਹਾਂ ਲੋਕਾਂ ਦੇ ਨਾਂ ਲਿਖੇ ਹਨ, ਜੋ ਉਸ ਦੇ ਕਤਲ ਲਈ ਜ਼ਿੰਮੇਵਾਰ ਹਨ। ਅਰਜ਼ੀ ਵਿੱਚ ਕਿਹਾ ਗਿਆ ਕਿ ਬਿੱਟੂ ਨੇ ਹਮੇਸ਼ਾ ਕਿਹਾ ਕਿ ਉਹ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਤੇ ਉਸ ਦਾ ਪਰਿਵਾਰ ਕਦੇ ਅਜਿਹੀਆਂ ਹਰਕਤਾਂ ਵਿੱਚ ਸ਼ਾਮਲ ਨਹੀਂ ਹੋਇਆ। ਇਸ ਸੱਚ ਨੂੰ ਦਬਾਉਣ ਲਈ ਬਿੱਟੂ ਨੂੰ ਜੇਲ੍ਹ ਅੰਦਰ ਮਾਰਦਿੱਤਾ ਗਿਆ। ਪਟੀਸ਼ਨ ਵਿੱਚ ਕਿਹਾ ਗਿਆ ਕਿ ਪੰਜਾਬ ਪੁਲਿਸ ਨੇ ਮਨਮਰਜ਼ੀ ਤੇ ਗੈਰ-ਕਾਨੂੰਨੀ ਢੰਗ ਨਾਲ ਕੇਸ ਦੇ ਸਾਜ਼ਿਸ਼ ਵਾਲੇ ਹਿੱਸੇ ਦੀ ਜਾਂਚ ਨਹੀਂ ਕੀਤੀ ਅਤੇ ਅੱਗੇ ਤਸਦੀਕ ਨਾ ਕਰਕੇ ਅਧੂਰਾ ਚਲਾਨ ਪੇਸ਼ ਕੀਤਾ ਹੈ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਂਦਾ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਲੋਕਾਂ ਨੂੰ ਫਸਾਉਣ ਵਾਲੇ ਗੈਂਗ ਦੇ 6 ਹੋਰ ਮੈਂਬਰ ਕਾਬੂ


## * ਤਿੰਨ ਲੈਪਟਾਪ, 13 ਮੋਬਾਈਲ ਫੋਨ, ਚੈਕਬੁੱਕ ਤੇ ਹੋਰ ਦਸਤਾਵੇਜ਼ ਮਿਲੇ

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਚੰਡੀਗੜ੍ਹ ਪੁਲਸ ਨੇ ਲੋਕਾਂ ਨੂੰ ਗਲਤ ਢੰਗ ਨਾਲ ਫਸਾਉਣ ਵਾਲੇ ਗੈਂਗ ਦੇ ਤਿੰਨ ਮੈਂਬਰਾਂ ਦੀ ਗ੍ਰਿਫਤਾਰੀ ਪਿੱਛੋਂ ਰਾਜਸਥਾਨ ਤੋਂ ਛੇ ਹੋਰ ਮੈਂਬਰਾਂ ਨੂੰ ਫੜਿਆ ਹੈ ਅਤੇ ਤਿੰਨ ਲੈਪਟਾਪ, 13 ਮੋਬਾਈਲ ਫੋਨ, ਚੈਕਬੁੱਕ, 66 ਹਜ਼ਾਰ ਰੁਪਏ ਨਗਦ ਅਤੇ ਹੋਰ ਜ਼ਰੂਰੀ ਦਸਤਾਵੇਜ਼ ਬਰਾਮਦ ਕੀਤੇ ਹਨ। ਦੋਸ਼ੀਆਂ ਦੀ ਪਛਾਣ ਅਲੀਸ਼ੇਰ (24), ਸਾਜਿਦ (19), ਤਲਾਹ (20), ਸਾਹਿਬ (19) ਤੇ ਸਤੀਸ਼ (24) ਵਾਸੀ ਰਾਜਸਥਾਨ ਅਤੇ ਅਲਤਾਫ (19) ਵਾਸੀ ਹਰਿਆਣਾ ਵਜੋਂ ਹੋਈ ਹੈ। ਚੰਡੀਗੜ੍ਹ ਪੁਲਸ ਦੀ ਟੀਮ ਨੇ ਪਹਿਲਾਂ ਕਾਬੂ ਕੀਤੇ ਤਿੰਨ ਮੈਂਬਰਾਂ ਤੋਂ ਪੁੱਛ ਪੜਤਾਲ ਦੇ ਆਧਾਰ ਉੱਤੇ ਰਾਜਸਥਾਨ ਵਿੱਚ ਵੱਖ-ਵੱਖ ਥਾਵਾਂ ਉੱਤੇ ਛਾਪੇ ਮਾਰੇ ਤੇ ਛੇ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਦੋਸ਼ੀਆਂ ਵੱਲੋਂ ਸੋਸ਼ਲ ਮੀਡੀਆ ਉੱਤੇ ਲੜਕੀਆਂ ਦੀ ਆਈ ਡੀ ਨਾਲ ਨੌਜਵਾਨਾਂ ਨਾਲ ਦੋਸਤੀ ਕਰਨ ਤੋਂ ਬਾਅਦ ਗਿਰੋਹ ਦੀਆਂ ਮੈਂਬਰ ਲੜਕੀਆਂ ਰਾਹੀਂ ਵੀਡੀਓ ਕਾਲਿੰਗ ਕਰ ਕੇ ਰਿਕਾਰਡਿੰਗ ਦਿਖਾ ਕੇ ਬਲੈਕਮੇਲ ਕੀਤਾ ਜਾਂਦਾ ਸੀ। ਮੁਲਜ਼ਮਾਂ ਵੱਲੋਂ ਨੌਜਵਾਨਾਂ ਨੂੰ ਬਲੈਕਮੇਲ ਰਾਹੀਂ ਭਾਰੀ ਵਸੂਲੀ ਕੀਤੀ ਜਾਂਦੀ ਸੀ। ਇਸ ਬਾਰੇ ਜਾਣਕਾਰੀ ਮਿਲਦੇ ਸਾਰ ਚੰਡੀਗੜ੍ਹ ਪੁਲਸ ਨੇ ਜਾਂਚ ਸ਼ੁਰੂ ਕੀਤੀ ਤਾਂ ਪਹਿਲਾਂ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਅਤੇ ਫਿਰ ਛੇ ਹੋਰਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁੱਢਲੀ ਜਾਂਚ ਵਿੱਚ ਪਤਾ ਲੱਗਾ ਕਿ ਮੁਲਜ਼ਮਾਂ ਦਾ 25-30 ਜਣਿਆਂ ਦਾ ਗਰੁੱਪ ਹੈ, ਜੋ ਕਿ ਮਿਲ ਕੇ ਰੈਕੇਟ ਚਲਾਉਂਦੇ ਹਨ ਅਤੇ ਬਾਕੀ ਮੁਲਜ਼ਮ ਵੀ ਜਲਦੀ ਕਾਬੂ ਕੀਤੇ ਜਾਣਗੇ।

# ਮਹਿਲਾ ਹੋਮਗਾਰਡ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕੀਤੀ

ਬੰਗਾ, 22 ਅਗਸਤ (ਪੋਸਟ ਬਿਊਰੋ)- ਏਥੇ ਥਾਣਾ ਸਿਟੀ ਵਿੱਚ ਕੁਝ ਮਹੀਨੇ ਪਹਿਲਾਂ ਆਪਣੇ ਪਿਤਾ ਸੁਖਦੇਵ ਸਿੰਘ ਦੀ ਮੌਤ ਪਿੱਛੋਂ ਉਸ ਦੀ ਥਾਂ ਉੱਤੇ ਨੌਕਰੀ ਲੈਣ ਵਾਲੀ ਪੰਜਾਬ ਹੋਮਗਾਰਡ ਦੀ ਮਨਪ੍ਰੀਤ ਕੌਰ ਵੱਲੋਂ 18 ਨੂੰ ਆਪਣੀ ਡਿਊਟੀ ਕਰਨ ਤੋਂ ਬਾਅਦ ਆਪਣੇ ਘਰ ਪਿੰਡ ਕਾਹਮਾ ਵਿੱਚ ਫ਼ਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ।

ਸ਼ੱਕੀ ਹਾਲਾਤ ਵਿੱਚ ਕੀਤੀ ਗਈ ਖ਼ੁਦਕੁਸ਼ੀ ਦਾ ਮਾਮਲਾ ਓਦੋਂ ਸੁਲਝ ਗਿਆ, ਜਦੋਂ ਮ੍ਰਿਤਕਾ ਮਨਪ੍ਰੀਤ ਕੌਰ ਦੀ ਮਾਂ ਤਰਸੇਮ ਕੌਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀਆਂ ਤਿੰਨ ਕੁੜੀਆਂ ਅਤੇ ਇੱਕ ਲੜਕਾ ਹੈ। ਲੜਕਾ ਭਾਰਤੀ ਫ਼ੌਜ ਵਿੱਚ ਹੈ ਅਤੇ ਸਭ ਤੋਂ ਛੋਟੀ ਕੁੜੀ ਮਨਪ੍ਰੀਤ ਕੌਰ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਥਾਂ ਉੱਤੇ ਪੰਜਾਬ ਹੋਮਗਾਰਡ ਵਿੱਚ ਭਰਤੀ ਹੋ ਗਈ ਸੀ।ਮਨਪ੍ਰੀਤ ਟ੍ਰੇਨਿੰਗ ਸੈਂਟਰ ਬੰਗਾ ਵਿੱਚ ਨੌਕਰੀ ਕਰਦੀ ਸੀ ਅਤੇਉਸ ਦੀ ਗੱਲਬਾਤ ਐਚ ਸੀ,



ਪੰਜਾਬ ਹੋਮਗਾਰਡ ਵਿਕਰਮਜੀਤ ਸਿੰਘ, ਜੋ ਉਸ ਦਾ ਉਸਤਾਦ ਸੀ, ਨਾਲ ਹੋ ਗਈ ਸੀ, ਜਿਸ ਨਾਲ ਮਨਪ੍ਰੀਤ ਚੈਟ ਕਰਦੀ ਰਹੀ। ਇਸ ਬਾਰੇ ਮਨਪ੍ਰੀਤ ਨੇ ਉਨ੍ਹਾਂ ਨੂੰ ਸਾਰਾ ਕੁਝ ਦੱਸਿਆ ਸੀ ਕਿ ਵਿਕਰਮਜੀਤ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਜਿਸ ਕਾਰਨ ਉਹ ਉਸ ਨੂੰ ਕਈ ਵਾਰ ਮਿਲਦੀ ਸੀ।ਮਾਂ ਨੇ ਅੱਗੇ ਦੱਸਿਆ ਕਿ 18 ਅਗਸਤ ਨੂੰ ਸ਼ਾਮ ਤਿੰਨ ਵਜੇ ਦੇ ਕਰੀਬ ਜਦੋਂ ਉਹ ਪਿੰਡ ਦੇ ਇੱਕ ਧਾਰਮਿਕ ਸਥਾਨ ਉੱਤੇ ਸੇਵਾ ਨੂੰ ਗਏ ਸਨ ਤਾਂ ਉਨ੍ਹਾਂ ਦੀ ਕੁੜੀ ਡਿਊਟੀ ਪਿੱਛੋਂ ਉਨ੍ਹਾਂ ਤੋਂ ਘਰ ਦੀਆਂ ਚਾਬੀਆਂ ਲੈਣ ਆਈ। ਇਸ ਦੌਰਾਨ ਕੁੜੀ ਕਾਫ਼ੀ ਪ੍ਰੇਸ਼ਾਨ ਜਾਪਦੀ ਸੀ, ਉਸ ਨੂੰ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਹ ਫ਼ੋਨ ਉੱਤੇ ਗੱਲ ਕਰਦੀ-ਕਰਦੀ ਘਰ ਨੂੰ ਚਲੀ ਗਈ। ਉਨ੍ਹਾਂ ਦੱਸਿਆ ਕਿ ਧੀ ਨੂੰ ਪ੍ਰੇਸ਼ਾਨ ਵੇਖ ਕੇ ਉਹ ਵੀ ਉਸ ਦੇ ਮਗਰ ਘਰ ਆਈ ਤਾਂ ਵੇਖਿਆ ਕਿ ਮਨਪ੍ਰੀਤ ਰੋ ਰਹੀ ਸੀ।ਜਦੋਂ ਉਨ੍ਹਾਂ ਨੇ ਰੋਣ ਦਾ ਕਾਰਨ ਪੁੱਛਿਆ ਤਾਂ ਮਨਪ੍ਰੀਤ ਨੇ ਕਿਹਾ ਕਿ ਵਿਕਰਮਜੀਤ ਸਿੰਘ ਨੇ ਉਸ ਨਾਲ ਵਿਆਹ ਦਾ ਝਾਂਸਾ ਦੇ ਕੇ ਕਈ ਵਾਰ ਸਰੀਰਕ ਸ਼ੋਸ਼ਣ ਕੀਤਾ ਹੈ ਅਤੇ ਫਿਰ ਵਿਆਹ ਤੋਂ ਮੁੱਕਰ ਰਿਹਾ ਹੈ ਅਤੇ ਉਸਦਾ ਫ਼ੋਨ ਵੀ ਨਹੀਂ ਚੁਕਦਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕੁੜੀ ਨੂੰ ਸਮਝਾਇਆ ਅਤੇ ਕਿਹਾ ਘਬਰਾ ਨਾ, ਉਹ ਵਿਕਰਮਜੀਤ ਨਾਲ ਗੱਲਬਾਤ ਕਰਨਗੇ ਜਿਸ ਪਿੱਛੋਂ ਉਹ ਮੁੜ ਤੋਂ ਸੇਵਾ ਲਈ ਧਾਰਮਿਕ ਸਥਾਨ ਉੱਤੇ ਚਲੀ ਗਈ। ਉਨ੍ਹਾਂ ਦੱਸਿਆ ਕਿ ਕੁਝ ਹੀ ਸਮੇਂ ਬਾਅਦ ਉਨ੍ਹਾਂ ਦੀ ਜੇਠਾਣੀ ਦਲਵੀਰ ਕੌਰ ਨੇ ਆ ਕੇ ਦੱਸਿਆ ਕਿ ਮਨਪ੍ਰੀਤ ਕੌਰ ਨੇ ਚੁੰਨੀ ਨਾਲ ਘਰ ਦੇ ਅੰਦਰ ਛੱਤ ਦੇ ਗਾਡਰ ਨਾਲ ਫਾਹਾ ਲੈ ਲਿਆ ਹੈ। ਥਾਣਾ ਸਦਰ ਦੇ ਐਸ ਆਈ ਰਾਮ ਪਾਲ ਨੇ ਮ੍ਰਿਤਕ ਮਨਪ੍ਰੀਤ ਕੌਰ ਦੀ ਮਾਂ ਤਰਸੇਮ ਕੌਰ ਵੱਲੋਂ ਦਿੱਤੇ ਬਿਆਨਾਂ ਉੱਤੇ ਵਿਕਰਮਜੀਤ ਸਿੰਘ ਵਿਰੁੱਧ ਭਾਰਤੀ ਦੰਡਵਾਲੀ ਦੀ ਧਾਰਾ 306 ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਦਸ਼ਮੇਸ਼ ਸੇਵਾ ਸੁਸਾਇਟੀ ਵਿਚ ਸਰਵਸੰਮਤੀ ਨਾਲ ਇੰਦਰ ਮੋਹਨ ਸਿੰਘ, ਕੁਲਵਿੰਦਰ ਸਿੰਘ ਦੀ ਪ੍ਰਧਾਨ ਅਤੇ ਜਨਰਲ ਸਕੱਤਰ ਵਜੋਂ ਚੋਣ

ਦਿੱਲੀ 22 ਅਗਸਤ : ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਤਹਿਤ 14 ਸਾਲ ਪੁਰਾਣੀ ਰਜਿਸਟਰਡ ਦਸ਼ਮੇਸ਼ ਸੇਵਾ ਸੁਸਾਇਟੀ ਦੀਆਂ ਬੀਤੇ ਦਿੰਨੀ ਚੋਣਾਂ ਕਰਵਾਈਆਂ ਗਈਆਂ, ਜਿਸ 'ਚ ਸਰਵਸੰਮਤੀ ਨਾਲ ਸਾਰੇ ਅਹੁਦੇਦਾਰ ਚੁਣੇ ਗਏ ਜਿਹਨਾਂ 'ਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ 'ਤੇ ਦਿੱਲੀ ਗੁਰਦੁਆਰਾ ਮਾਮਲਿਆਂ ਦੇ ਜਾਣਕਾਰ ਇੰਦਰ ਮੋਹਨ ਸਿੰਘ ਨੂੰ ਪ੍ਰਧਾਨ, ਕਿਰਨਦੀਪ ਸਿੰਘ ਨੂੰ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਐਡਵੋਕੇਟ ਨੂੰ ਜਨਰਲ ਸਕੱਤਰ, ਵਰਿੰਦਰ ਸਿੰਘ ਨਾਗੀ ਨੂੰ ਸਕੱਤਰ 'ਤੇ ਮਨਜੀਤ ਸਿੰਘ ਨੂੰ ਖਜਾਂਨਚੀ ਦੇ ਅਹੁਦੇ ਦੀ ਜਿੰਮੇਵਾਰੀ ਦਿੱਤੀ ਗਈ ਹੈ, ਜਦਕਿ ਹੋਰਨਾਂ ਕਾਰਜਕਾਰੀ ਮੈਂਬਰਾਂ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਰਾਜਿੰਦਰ ਸਿੰਘ ਟੈਕਨੋ ਨੂੰ ਇਸ ਸੁਸਾਇਟੀ ਦੇ ਚੀਫ ਪੈਟਰਨ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਇੰਦਰ ਮੋਹਨ ਸਿੰਘ ਨੇ ਦਸਿਆ ਹੈ ਕਿ ਇਹਨਾਂ ਚੋਣਾਂ ਨੂੰ ਨਿਰਪੱਖ 'ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਚੋਣਾਂ ਦੇ ਮਾਹਿਰ ਦਿੱਲੀ ਸਰਕਾਰ ਦੇ ਰਿਟਾਇਰਡ ਦਾਨਿਕਸ ਅਫਸਰ ਸ੍ਰੀ ਭੰਵਰ ਸਿੰਘ ਰਾਜਾਵਤ ਨੂੰ ਆਨਰੇਰੀ ਚੋਣ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਸੀ।





ਇੰਦਰ ਮੋਹਨ ਸਿੰਘ ਨੇ ਦਸਿਆ ਕਿ ਸਾਲ 2009 'ਚ ਗਠਿਤ ਕੀਤੀ ਗਈ ਦਸ਼ਮੇਸ਼ ਸੇਵਾ ਸੁਸਾਇਟੀ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਵਿਭਾਗ 'ਚ ਇਕ ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀ ਹੈ ਜਿਸਨੇ ਸਮੇਂ-ਸਮੇਂ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਰਾਖਵੇਂ ਚੋਣ ਨਿਸ਼ਾਨ 'ਤੇ ਚੋਣਾਂ 'ਚ ਹਿੱਸਾ ਲਿਆ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸੁਸਾਇਟੀ ਬੀਤੇ ਲੰਬੇ ਸਮੇਂ ਤੋਂ ਦਿੱਲੀ ਗੁਰਦੁਆਰਾ ਮਾਮਲਿਆਂ 'ਚ ਆਪਣੀ ਆਵਾਜ ਬੁਲੰਦ ਕਰਦੀ ਆ ਰਹੀ ਹੈ 'ਤੇ ਇਸ ਸੁਸਾਇਟੀ ਦੀ ਮੇਹਨਤ ਸਦਕਾ ਹੀ ਅਦਾਲਤੀ ਆਦੇਸ਼ਾਂ ਤੋਂ ਉਪਰੰਤ ਹੀ ਸਾਲ 2013 'ਚ ਸਰਕਾਰ ਵਲੋਂ ਲਮਕਾਈਆਂ ਜਾ ਰਹੀਆਂ ਚੋਣਾਂ ਨੇਪਰੇ ਚੜੀਆਂ ਸਨ। ਇਸ ਤੋਂ ਇਲਾਵਾ ਦਸ਼ਮੇਸ਼ ਸੇਵਾ ਸੁਸਾਇਟੀ ਵਲੋਂ ਪਾਈ ਪਟੀਸ਼ਨ ਦੇ ਆਧਾਰ 'ਤੇ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਮੁਤ-ਾਬਿਕ ਹੀ ਦਿੱਲੀ ਸਰਕਾਰ ਨੇ ਸਾਲ 2015 'ਚ ਦਿੱਲੀ ਦੇ ਸਾਰੇ ਗੁਰਦੁਆਰਾ ਵਾਰਡਾਂ ਦੀ ਮੁੱੜ੍ਹ ਹੱਦਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ 'ਚ ਇਸ ਸੁਸਾਇਟੀ ਦੀ ਭੂਮਿਕਾ ਸ਼ਲਾਘਾਯੋਗ ਰਹੀ ਹੈ। ਸ. ਇੰਦਰ ਮੋਹਨ ਸਿੰਘ ਨੇ ਦਸਿਆ ਕਿ ਸੁਸਾਇਟੀ ਦੇ ਨਵੇਂ ਚੁਣੇ ਚੀਫ ਪੈਟਰਨ, ਪ੍ਰਧਾਨ 'ਤੇ ਜਨਰਲ ਸਕੱਤਰ ਦਹਾਕਿਆਂ ਤੋਂ ਦਿੱਲੀ ਗੁਰਦੁਆਰਾ ਮਾਮਲਿਆਂ ਨਾਲ ਸਬੰਧਿਤ ਲੰਬਾ ਤਜੁਰਬਾ ਰਖਦੇ ਹਨ, ਜਦਕਿ ਸੁਸਾਇਟੀ ਦੇ ਬਾਕੀ ਕਾਰਜਕਾਰੀ ਮੈਂਬਰਾਂ ਨੂੰ ਵੀ ਆਪਣੇ ਖੇਤਰ 'ਚ ਮਹਾਰਤ ਹਾਸਿਲ ਹੈ। ਉਨ੍ਹਾਂ ਦਸਿਆ ਕਿ ਸੁਸਾਇਟੀ ਆਉਣ ਵਾਲੇ ਸਮੇਂ 'ਚ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ-ਕਾਜ 'ਚ ਲੋੜੀਂਦਾਂ ਸਹਿਯੋਗ ਦਿੰਦੀ ਰਹੇਗੀ, ਪਰੰਤੂ ਨਾਲ ਹੀ ਦਿੱਲੀ ਕਮੇਟੀ ਵਲੋਂ ਨਿਯਮਾਂ ਦੀ ਉਲੰਘਣਾਂ ਕਰਕੇ ਗੁਰੂ ਦੀ ਗੋਲਕ ਦਾ ਘਾਣ ਕਰਨ ਦੇ ਮਾਮਲਿਆਂ 'ਚ ਨਕੇਲ ਪਾਉਣ ਤੋਂ ਵੀ ਗੁਰੇਜ ਨਹੀ ਕਰੇਗੀ।

# ਦੋ ਅਫਸਰਾਂ ਉੱਤੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾਉਣ ਮਗਰੋਂ ਜੇ ਈ ਨੇ ਜ਼ਹਿਰ ਖਾਧਾ

ਟਾਂਡਾ ਉੜਮੁੜ, 22 ਅਗਸਤ (ਪੋਸਟ ਬਿਊਰੋ)- ਕਪੂਰਥਲਾ ਵਿੱਚ ਤੈਨਾਤ ਬਿਜਲੀ ਬੋਰਡ ਦੇ ਜੇ ਈ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਆਪਣੀ ਜਾਨ ਦੇ ਦਿੱਤੀ। ਉਨ੍ਹਾਂ ਨੇ ਆਪਣੇ ਵਿਭਾਗ ਦੇ ਐਕਸੀਅਨ ਉੱਤੇ ਉਸ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦਾ ਦੋਸ਼ ਲਾਇਆ ਹੈ। ਮਰਨ ਤੋਂ ਪਹਿਲਾਂ ਉਸ ਨੇ ਇੱਕ ਵੀਡੀਓ ਬਣਾਈ ਅਤੇ ਹੱਥ ਨਾਲ ਲਿਖ ਕੇ ਖੁਦਕੁਸ਼ੀ ਨੋਟ ਛੱਡਿਆ, ਜਿਸ ਵਿੱਚ ਐਕਸੀਅਨ ਰੁਪਿੰਦਰ ਸਿੰਘ ਅਤੇ ਅਜੈ ਸਿੰਘ ਉੱਤੇ ਉਸ ਨੂੰ ਜਾਣਬੁੱਝ ਕੇ ਮਾਨਸਿਕ ਤੌਰ ਉੱਤੇ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਦੋਸ਼ ਹੈ ਕਿ ਦੋਵਾਂ ਅਧਿਕਾਰੀਆਂ ਨੇ ਜੇ ਈ ਤੋਂ ਜਬਰਨ ਸਾਈਨ ਕਰਵਾ ਕੇ ਉਸ ਦੇ ਖਾਤੇ ਵਿੱਚੋਂ ਚਾਲੀ ਲੱਖ ਰੁਪਏ ਦਾ ਬਿਜਲੀ ਦਾ ਸਾਮਾਨ ਕਢਵਾ ਲਿਆ ਸੀ।



ਮ੍ਰਿਤਕ ਤਰਸੇਮ ਲਾਲ ਦੇ ਭਰਾ ਗੁਰਪਾਲ ਸਿੰਘ ਨੇ ਦੱਸਿਆ ਪਿਛਲੇ ਕੁਝ ਸਮੇਂ ਤੋਂ ਤਰਸੇਮ ਲਾਲ ਗੁਮਸੁੰਮ ਜਿਹਾ ਰਹਿੰਦਾ ਸੀ। ਮਾਨਸਿਕ ਤਣਾਅ ਕਾਰਨ ਬੀਤੇ ਦਿਨੀਂ ਛੁੱਟੀ ਕੱਟ ਕੇ ਉਹ ਘਰੋਂ ਕਪੂਰਥਲਾ ਗਿਆ ਤਾਂ ਪਤਾ ਲੱਗਾ ਕਿ ਉਸਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ ਹੈ। ਉਸ ਨੂੰ ਪਹਿਲਾਂ ਕਪੂਰਥਲਾਹਸਪਤਾਲ ਲਿਆਂਦਾ ਗਿਆ, ਜਿੱਥੋਂ ਉਸ ਦੀ ਨਾਜ਼ੁਕ ਹਾਲਤ ਦੇਖ ਕੇ ਜਲੰਧਰ ਭੇਜ ਦਿੱਤਾ ਗਿਆ। ਇੱਥੋਂ ਫਿਰ ਹੁਸ਼ਿਆਰਪੁਰ ਭੇਜ ਦਿੱਤਾ ਗਿਆ, ਜਿੱਥੇ ਸ਼ਨੀਵਾਰ ਨੂੰ ਉਸ ਦੀ ਮੌਤ ਹੋ ਗਈ। ਤਰਸੇਮ ਲਾਲ ਨੇ ਵੀਡੀਓ ਬਣਾ ਕੇ ਸੁਸਾਈਡ ਨੋਟ ਲਿਖ ਕੇ ਦੱਸਿਆ ਸੀ ਕਿ ਉਸ ਨੂੰ ਉਸ ਦੇ ਵਿਭਾਗ ਦਾ ਐਕਸੀਅਨ ਅਤੇ ਇੱਕ ਹੋਰ ਅਧਿਕਾਰੀ ਕਾਫੀ ਦਿਨਾਂ ਤੋਂ ਤੰਗ ਕਰ ਰਿਹਾ ਸੀ। ਇਸ ਕਾਰਨ ਉਸ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉੱਤੇ ਪੁਲਸ ਨੇ ਦੋਵਾਂ ਅਧਿਕਾਰੀਆਂ ਉੱਤੇ ਧਾਰਾ 306 ਦੇ ਤਹਿਤ ਕੇਸ ਦਰਜ ਕੀਤਾ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।













# ਹਵਾਨਾ ਪਾਰਕ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ





(ਬਰੈਂਪਟਨ/ਬਾਸੀ ਹਰਚੰਦ)ਪਿਛਲੇ ਦਿਨੀਂ ਪੰਜਾਬੀ ਮੁਟਿਆਰਾਂ ਦਾ ਪਰਸਿੱਧ ਤਿਉਹਾਰ" ਤੀਆਂ " ਬਰੈਂਪਟਨ ਦੇ ਈਸਟ ਵਿੱਚ ਮੈਕਵੀਨ/ ਕੈਸਲਮੋਰ ਦੇ ਨੇੜੇ ਸਥਿਤ ਹਵਾਨਾ ਪਾਰਕ ਵਿੱਚ ਬੜੀ ਧੂਮ ਧਾਮ ਨਾਲਚਾਰ ਵਜੇ ਤੋਂ ਅੱਠ ਵਜੇ ਤੱਕ ਮਨਾਇਆ ਗਿਆ। ਯਾਦ ਰਹੇ ਕਿ ਬਹੁਤਾ ਕਰਕੇ ਪੰਜਾਬ ਦੇ ਮਾਲਵਾ ਖਿਤੇ ਵਿੱਚ ਕੁਆਰੀਆਂ ਅਤੇ ਸਹੁਰਿਆਂ ਤੋਂ ਪਰਤੀਆਂ ਨਵ ਵਿਆਹੀਆਂ ਮੁਟਿਆਰਾਂ ਬੋਹੜਾਂ ਪਿੱਪਲਾਂ ਤੇ ਪੀਘਾਂ ਪਾਕੇ ਖੂਬ ਪੀਘਾਂ ਦੇ ਹੁਲਾਰੇ ਲੈਦੀਆਂ ਸਨ। ਦੋ ਦੋ ਮੁਟਿਆਰਾਂ ਪੀਘਾਂ ਝੂਟਾ ਕੇ ਪਿੱਪਲਾਂ ਦੀ ਪੱਤਿਆਂ ਨੂੰ ਛੂਹ ਕੇ ਆਪਣੀ ਹਿੱਕ ਦਾ ਜੋਰ ਵਿਖਾਉਦੀਆਂ ਸਨ। ਗੋਲ ਦਾਇਰੇ ਬੰਨ ਕੇ ਵਾਰੀ ਵਾਰੀ ਬੋਲੀਆਂ ਪਾ ਕੇ ਖੂਬ ਨੱਚਦੀਆਂ ਸਨ। ਬੋਲੀਆਂ ਵਿੱਚ ਨਿਹੋਰੇ ਪਿਆਰ ਵਿਤਕਰੇ ਆਦਿ ਦੀਆਂ ਮਿੱਠੀਆਂ ਚੋਭਾਂ ਲਾਉਂਦੀਆਂ ਸਨ। ਇਸ ਤਰਾਂ ਉਹ ਆਪਣੇ ਦਿਲ ਦੇ ਵਲਵਲੇ ਬੋਲੀਆਂ ਰਾਹੀ ਸਾਂਝੇ ਕਰ ਲੈਂਦੀਆਂ ਸਨ। ਉਸੇ ਰਵਾਇਤ ਨੂੰ ਜਿੰਦਾ ਰਖਣ ਲਈ ਕਨੇਡਾ ਆ ਕੇ ਵੀ ਬਹੁਤਾ ਤਾਂ ਨਹੀਂ ਪਰ ਕਿਸੇ ਨਾ ਕਿਸੇ ਰੂਪ ਵਿੱਚ ਇਸ ਤਿਉਹਾਰ ਨੂੰ ਜਿੰਦਾ ਰੱਖਿਆ ਹੈ। ਸੋ ਇਸੇ ਤਹਿਤ ਪੰਜਾਬਣਾਂ ਨੇ ਉਪਰੋਕਤ ਪਾਰਕ ਵਿੱਚ ਤਿਉਹਾਰ ਮਨਾਇਆ। ਦੂਰ ਦੂਰ ਦੇ ਏਰੀਏ ਤੋਂ ਔਰਤਾਂ ਸ਼ਾਮਲ ਹੋਣ ਲਈ ਆਈਆਂ। ਇਹ ਤਿਉਹਾਰ ਨਿਰੋਲ ਮੁਟਿਆਰਾਂ/ ਬੀਬੀਆਂ ਦਾ ਹੈ। ਆਦਮੀਆਂ ਤੇ ਨਿਰਭਰਤਾ ਕਿਤੇ ਨਾ ਕਿਤੇ ਬੀਬੀਆਂ ਵਿੱਚ ਆਤਮ ਵਿਸ਼ਵਾਸ਼,ਸਮਾਨਤਾ ਅਤੇ ਜਜ਼ਬੇ ਦੀ ਘਾਟ ਰੜਕਦੀ ਹੈ। ਨਵੀ ਪੀੜ੍ਹੀ ਨੂੰ ਪੰਜਾਬੀ ਸੱਭੀਆਚਾਰ ਨਾਲ ਜੋੜਣ ਦਾ ਵਧੀਆ ਉਪਰਾਲਾ ਕੀਤਾ। ਸਮਾਜ ਸੇਵਕ ਗੁਰਮੇਲ ਸਿੰਘ ਸੱਗੂ ਨੇ ਖਾਣ ਪੀਣ ਦਾ ਪਰਬੰਧ ਕੀਤਾ। ਸੱਭ ਨੇ ਖਾਣ ਪੀਣ ਪੀਜ਼ਾ ਮਠਿਆਈ ਦਾਖੂਬ ਅਨੰਦ ਮਾਣਿਆ।

# ਸਕਾਟਲੈਂਡ: ਲਹਿੰਦੇ ਪੰਜਾਬ ਦੇ ਸਾਬਕਾ ਗਵਰਨਰ ਦਾ ਚੜ੍ਹਦੇ ਪੰਜਾਬ ਦੇ ਦੋਸਤਾਂ ਨੇ ਮਨਾਇਆ ਜਨਮਦਿਨ







## -ਪਾਕਿਸਤਾਨ ਆਉਣ ਵਾਲ਼ੇ ਸਿੱਖ ਭਾਈਚਾਰੇ ਦੀ ਖਿਦਮਤ ਲਈ ਹਰ ਵੇਲੇ ਤਿਆਰ- ਚੌਧਰੀ ਸਰਵਰ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ): ਸਕਾਟਲੈਂਡ ਦੇ ਸ਼ਹਿਰ ਗਲਾਸਗੋ ਸਥਿਤ ਬੰਬੇ ਬਲੂਅਜ਼ ਵਿਖੇ ਭਾਈਚਾਰਕ ਸਾਂਝ ਵਧਾਉਣ ਹਿੱਤ ਇੱਕ ਵਿਸ਼ੇਸ਼ ਸਮਾਗਮ ਉੱਘੇ ਕਾਰੋਬਾਰੀ ਸੋਹਣ ਸਿੰਘ ਰੰਧਾਵਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਦੌਰਾਨ ਪਾਕਿਸਤਾਨ ਪੰਜਾਬ ਦੇ ਦੋ ਵਾਰ ਗਵਰਨਰ ਰਹਿ ਚੁੱਕੇ ਚੌਧਰੀ ਮੁਹੰਮਦ ਸਰਵਰ ਦਾ 70ਵਾਂ ਜਨਮਦਿਨ ਮਨਾਇਆ ਗਿਆ। ਇਸ ਸਮਾਗਮ ਦੀ ਖਾਸੀਅਤ ਇਹ ਸੀ ਕਿ ਲਹਿੰਦੇ ਪੰਜਾਬ ਦੇ ਜੰਮੇ ਜਾਏ ਮੁਹੰਮਦ ਸਰਵਰ ਦੇ ਚੜ੍ਹਦੇ ਪੰਜਾਬ ਦੇ ਉਹਨਾਂ ਦੇ ਦੋਸਤਾਂ ਨੇ ਜਨਮਦਿਨ ਮਨਾਉਣ ਸੰਬੰਧੀ ਦਾਅਵਤ ਦਿੱਤੀ। ਇਸ ਸਮੇਂ ਸਿੱਖ ਭਾਈਚਾਰੇ ਦੀ ਤਰਫੋਂ ਸੋਹਣ ਸਿੰਘ ਰੰਧਾਵਾ ਨੇ ਹਾਜਰੀਨ ਨੂੰ ਜੀ ਆਇਆਂ ਕਹਿਣ ਦੇ ਨਾਲ ਨਾਲ ਚੌਧਰੀ ਮੁਹੰਮਦ ਸਰਵਰ ਨੂੰ ਸਮੂਹਿਕ ਵਧਾਈ ਪੇਸ਼ ਕੀਤੀ। ਉਹਨਾਂ ਕਿਹਾ ਕਿ "ਸਕਾਟਲੈਂਡ ਵਿੱਚ ਮੁਸਲਿਮ ਸਿੱਖ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਦੋਵੇਂ ਭਾਈਚਾਰੇ ਦਹਾਕਿਆਂ ਤੋਂ ਸਰਗਰਮ ਹਨ। ਇਹੀ ਵਜ੍ਹਾ ਹੈ ਕਿ ਅਸੀਂ ਇੱਕ ਦੂਜੇ ਦੇ ਸੁੱਖ ਦੁੱਖ ਵਿੱਚ ਸ਼ਰੀਕ ਹੁੰਦੇ ਰਹਿੰਦੇ ਹਾਂ। ਅੱਜ ਦਾ ਇਹ ਸਮਾਗਮ ਵੀ ਮੁਹੱਬਤੀ ਸਾਂਝਾਂ ਨੂੰ ਹੋਰ ਗੂੜ੍ਹਾ ਕਰਨ ਵੱਲ ਵੱਡਾ ਕਦਮ ਹੈ।" ਜ਼ਿਕਰਯੋਗ ਹੈ ਮੁਹੰਮਦ ਸਰਵਰ ਦਾ ਸਕਾਟਲੈਂਡ ਦੀ ਸਿਆਸਤ ਵਿੱਚ ਵੀ ਵੱਡਾ ਨਾਮ ਸੀ, ਪਰ ਉਹਨਾ ਪਾਕਿ-ਸਤਾਨ ਦੀ ਸਰਗਰਮ ਸਿਆਸਤ ਵਿੱਚ ਕੁੱਦਣ ਦਾ ਫੈਸਲਾ ਲਿਆ ਸੀ। ਕਰਤਾਰਪੁਰ ਸਾਹਿਬ ਲਾਂਘੇ ਵੇਲੇ ਉਹਨਾਂ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਭਾਈਚਾਰੇ ਵਿੱਚ ਉਹਨਾਂ ਨੂੰ ਹੋਰ ਵਧੇਰੇ ਸਤਿਕਾਰ ਪਿਆਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਸਕਾਟਲੈਂਡ ਦੀਆਂ ਸੰਗਤਾਂ ਦੀ ਪਾਕਿਸਤਾਨ ਫੇਰੀ ਮੌਕੇ ਸਰਵਰ ਵੱਲੋਂ ਉਹਨਾਂ ਨੂੰ ਪਲਕਾਂ 'ਤੇ ਬਿਠਾਇਆ ਗਿਆ। ਉਹਨਾਂ ਦਾ 70ਵਾਂ ਜਨਮਦਿਨ ਮਨਾਉਣ ਸੰਬੰਧੀ ਜੁੜੀਆਂ ਸਿੱਖ ਭਾਈਚਾਰੇ ਦੀਆਂ ਨਾਮਵਰ ਸਖਸ਼ੀਅਤਾਂ ਨੇ ਉਹਨਾਂ ਨੂੰ ਮੁਬਾਰਕਬਾਦ ਦੇਣ ਦੇ ਨਾਲ-ਨਾਲ ਉਹਨਾਂ ਦੇ ਮਾਨਵਤਾਵਾਦੀ ਕਾਰਜਾਂ ਲਈ ਧੰਨਵਾਦ ਵੀ ਕੀਤਾ। ਇਸ ਸਮਾਗਮ ਦੌਰਾਨ ਸੋਹਣ ਸਿੰਘ ਰੰਧਾਵਾ ਵੱਲੋਂ "ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ" ਗੀਤ ਗਾ ਕੇ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਸਮੇਂ ਸਰਵ ਸ੍ਰੀ ਬਲਜੀਤ ਸਿੰਘ ਖਹਿਰਾ, ਮੱਖਣ ਸਿੰਘ ਬਿਨਿੰਗ, ਰਣਜੀਤ ਸਿੰਘ ਸੰਘਾ, ਗੁਰਮੀਤ ਸਿੰਘ ਧਾਲੀਵਾਲ, ਲਭਾਇਆ ਸਿੰਘ ਮਹਿਮੀ, ਰੇਸ਼ਮ ਸਿੰਘ ਕੂਨਰ, ਜਿੱਤ ਸਿੰਘ ਮਸਤਾਨ, ਗੁਰਨਾਮ ਸਿੰਘ ਧਾਮੀ, ਸੱਤੀ ਸਿੰਘ, ਟੋਨੀ ਢਿੱਲੋਂ, ਗੁਰਮੇਲ ਸਿੰਘ ਧਾਮੀ, ਗੁਰਦੇਵ ਸਿੰਘ ਧਾਮੀ, ਕਮਲਜੀਤ ਸਿੰਘ ਭੁੱਲਰ, ਮਲਿਕ ਖਾਲਿਦ, ਅਲੀ ਅੱਬਾਸ, ਅਫਜ਼ਲ ਜਿਗਰ, ਮੁਹੰਮਦ ਸਰਫਰਾਜ ਅਹਮਦ, ਅਰਸ਼ਦ ਮੁਗਲ, ਬਾਬਾ ਰੱਬਾਨੀ, ਆਮੀਨ ਮਿਰਜ਼ਾ, ਅਲੀ ਨਿਜਾਫਨੀ, ਮਨਜੀਤ ਸਿੰਘ (ਬੰਬੇ ਬਲੂ), ਗੁਰਚਰਨ ਸਿੰਘ ਸੇਖੋਂ, ਵਿਕਾਸ ਗੁਪਤਾ, ਜੀਵਨ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਸਫਲਤਾ ਦਾ ਮਾਪ



ਵਿਜੈ ਗਰਗ

ਅੱਜ ਕਿਸੇ ਦੀ ਸਫਲਤਾ ਦਾ ਇੱਕੋ ਇੱਕ ਮਾਪਦੰਡ ਪਦਾਰਥਵਾਦੀ ਸੱਭਿਆਚਾਰ ਦੇ ਨਿਯਮਾਂ 'ਤੇ ਅਧਾਰਤ ਹੈ, ਜੋ ਬਹੁਤ ਸਾਰੇ ਅਣਮਨੁੱਖੀ ਦਬਾਅ ਨੂੰ ਸਵੀਕਾਰ ਕਰਨ ਅਤੇ ਬੇਰਹਿਮ ਬਾਜ਼ਾਰ ਮੁਕਾਬਲੇ ਵਿੱਚ ਸ਼ਾਮਲ ਹੋਣ ਲਈ ਇੱਕ ਪੂਰਵ ਸ਼ਰਤ ਬਣ ਗਿਆ ਹੈ। ਸਫਲਤਾ ਨੂੰ ਸਰਵਉੱਚ ਮੰਨਦਿਆਂ, ਸਾਰੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਨਾ ਆਮ ਹੋ ਗਿਆ ਹੈ। ਜਦੋਂ ਕਿ ਸਫ਼ਲਤਾ ਦਾ ਅਸਲ ਅਰਥ ਉਹ ਹੈ ਜੋ ਮਨੁੱਖ ਦੀ ਹੋਂਦ ਨੂੰ ਵਿਕਸਤ ਕਰੇ, ਉਸ ਨੂੰ ਸੰਕੀਰਣਤਾ ਤੋਂ ਮੁਕਤ ਕਰੇ ਅਤੇ ਉਸ ਦੀ ਦ੍ਰਿਸ਼ਟੀ ਨੂੰ ਉਦਾਰ ਅਤੇ ਵਿਸ਼ਾਲ ਬਣਾਵੇ। ਸਫਲਤਾ ਇਸਦੀ ਕੀਮਤ ਹੈਜਿਸ ਨੂੰ ਨਵੇਂ ਬਦਲ ਦੇ ਰਾਹ ਦੀਆਂ ਚੁਣੌਤੀਆਂ ਨਾਲ ਜੂਝਦੇ ਹੋਏ ਉਸੇ ਰੂਟ ਤੋਂ ਬਾਹਰ ਨਿਕਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦਾ ਕਾਰਨ ਸਪਸ਼ਟ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਬੁੱਧੀਮਾਨ ਅਤੇ ਸੂਝਵਾਨ ਮਨੁੱਖ ਦੀਆਂ ਗ਼ਲਤੀਆਂ ਮੂਰਖਾਂ ਦੀਆਂ ਸਫ਼ਲਤਾਵਾਂ ਨਾਲੋਂ ਸਮਾਜ ਲਈ ਵਧੇਰੇ ਮਾਰਗ ਦਰਸ਼ਕ ਸਾਬਤ ਹੋ ਸਕਦੀਆਂ ਹਨ, ਉਸ ਦਾ ਨਿਰਮਾਣ ਕਰ ਸਕਦੀਆਂ ਹਨ। ਸਫਲਤਾ ਜੋ ਭੀੜ ਦੀ ਨਕਲ ਕਰਨ ਦੀ ਪ੍ਰਵਿਰਤੀ ਤੋਂ ਨਹੀਂ ਮਿਲਦੀ, ਸਗੋਂ ਆਪਣੇ ਸੰਘਰਸ਼ ਦੁਆਰਾ, ਵਿਅਕਤੀ ਦੀ ਚੇਤਨਾ ਨੂੰ ਅੰਦਰੂਨੀ ਤੌਰ 'ਤੇ ਨਿਖਾਰਦੀ ਹੈ ਅਤੇ ਉਸਨੂੰ ਨਵੇਂ ਵਿਕਲਪਾਂ ਅਤੇ ਅਣਜਾਣ ਸੰਭਾਵਨਾਵਾਂ ਵੱਲ ਲੈ ਜਾਂਦੀ ਹੈ। ਸਫਲਤਾ ਦੀ ਹੈ, ਜੋ ਕਿਜੀਵਨ ਦੇ ਦ੍ਰਿਸ਼ਟੀਕੋਣ ਦੀ ਸਪਸ਼ਟਤਾ ਦੇ ਨਾਲ ਇੱਕ ਪਰਿਭਾਸ਼ਾ ਅਰਥਪੂਰਨ ਅਤੇ ਮਨੁੱਖੀ ਹੋ ਸਕਦੀ ਹੈ, ਜੋ ਕਿ ਸਮੇਂ-ਸਮੇਂ 'ਤੇ ਸੰਪੂਰਨ, ਤੰਗ ਅਤੇ ਛੋਟੀਆਂ ਇੱਛਾਵਾਂ 'ਤੇ ਨਿਰਭਰ ਨਹੀਂ ਹੈ। ਇਹ ਸਫਲਤਾ ਸਮਾਜ ਦੇ ਭਲੇ ਲਈ ਕੀਮਤੀ ਹੋਣੀ ਚਾਹੀਦੀ ਹੈ ਅਤੇ ਪੁਰਾਣੇ ਦ੍ਰਿਸ਼ਟੀਕੋਣ ਤੋਂ ਉਦਾਰ ਹੋਣੀ ਚਾਹੀਦੀ ਹੈ ਅਤੇ ਜੀਵਨ ਦੇ ਅਨੁਭਵ ਨੂੰ ਇਸਦੀ ਉੱਤਮਤਾ ਦੀ ਉਚਾਈ ਅਤੇ ਇਸਦੇ ਅਰਥ ਸ਼ਾਸਤਰ ਦੀ ਸਿਖਰ ਤੱਕ ਲੈ ਜਾ ਸਕਦੀ ਹੈ। ਸਫ਼ਲਤਾ ਦਾ ਇਹ ਫਾਰਮੂਲਾ ਉਪਭੋਗਤਾਵਾਦੀ ਸਭਿਅਤਾ ਦੇ ਸਮੂਹਿਕ ਦਬਾਅ ਅਤੇ ਬਾਜ਼ਾਰ ਸੱਭਿਆਚਾਰ ਦੇ ਪ੍ਰਭਾਵ 'ਤੇ ਨਹੀਂ, ਸਗੋਂ ਆਪਣੇ ਅਨੁਭਵਾਂ ਦੀ ਸੁਤੰਤਰ ਸੋਚ ਅਤੇ ਤਰਕਸ਼ੀਲ ਦ੍ਰਿਸ਼ਟੀ 'ਤੇ ਅਧਾਰਤ ਹੋ ਸਕਦਾ ਹੈ, ਜੋ ਸਿਧਾਂਤਾਂ 'ਤੇ ਅਧਾਰਤ ਹਨ।ਪਰ ਤੁਰਨ ਵਾਲੇ ਲਈ ਇਹ ਔਖਾ ਹੈ, ਪਰ ਅਸੰਭਵ ਨਹੀਂ ਹੈ। ਉਨ੍ਹਾਂ ਵੱਡੇ ਟੀਚਿਆਂ ਅਤੇ ਖਾਹਿਸ਼ਾਂ ਨੂੰ ਪ੍ਰਾਪਤ ਕਰਨ ਲਈ ਅਣਥੱਕ ਯਤਨਾਂ ਵਿੱਚ ਵੀ ਇੱਕ ਸਦੀਵੀ ਖਿੱਚ ਹੈ ਜੋ ਪੂਰੀਆਂ ਨਹੀਂ ਹੁੰਦੀਆਂ। ਉਹ ਆਪਣੀ ਸੰਪੂਰਨਤਾ ਦੀ ਉਡੀਕ ਵਿਚ ਸਭ ਤੋਂ ਸੁੰਦਰ ਅਤੇ ਅਰਥਪੂਰਨ ਹਨ. ਇਹ ਉਦੇਸ਼ ਮਨੁੱਖ ਨੂੰ ਇੱਕ ਵਿਆਪਕ ਦ੍ਰਿਸ਼ਟੀਕੋਣ ਅਤੇ ਉਦਾਰਵਾਦੀ ਸੋਚ ਪ੍ਰਦਾਨ ਕਰਦੇ ਹਨ, ਜੀਵਨ ਨੂੰ ਜੀਣ ਦੇ ਸੀਮਤ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਤੋਂ ਮੁਕਤ ਕਰਦੇ ਹਨ। ਆਪਣੀਆਂ ਅਦਿੱਖ ਸੰਭਾਵਨਾਵਾਂ ਅਤੇ ਨਤੀਜਿਆਂ ਦੀ ਅਪੂਰਣਤਾ ਵਿੱਚ ਅਤੇ ਉਨ੍ਹਾਂ ਇੱਛਾਵਾਂ ਦੀ ਪ੍ਰਾਪਤੀ ਲਈ ਸੰਪੂਰਨਤਾ ਦੇ ਅਨੰਦ ਨੂੰ ਮਹਿਸੂਸ ਕਰਨ ਦੇ ਸੰਘਰਸ਼ ਵਿੱਚ ਵੀ।ਸੁਹਜਾਤਮਕ ਭਾਵਨਾ ਪੈਦਾ ਕਰਨ ਲਈ ਸਫਲਤਾ ਦੀ ਇਹ ਪੂਰਵ-ਪ੍ਰਕਿਰਿਆ ਵੀ ਓਨੀ ਹੀ ਮਹੱਤਵਪੂਰਨ ਹੈ, ਜਿਸ ਵਿੱਚ ਨਾ ਸਿਰਫ਼ ਜਿੱਤ ਲਈ, ਸਗੋਂ ਹਾਰ ਲਈ ਵੀ ਮਾਨਸਿਕ ਸਥਿਰਤਾ ਹੋਣੀ ਚਾਹੀਦੀ ਹੈ। ਇਹ ਸਫਲਤਾ ਜ਼ਿੰਦਗੀ ਨੂੰ ਖੁੱਲ੍ਹਾ ਵਿਸਥਾਰ ਦਿੰਦੀ ਹੈ ਅਤੇ ਉਦੇਸ਼ ਦੇ ਸਿਖਰ 'ਤੇ ਚੜ੍ਹਨ ਅਤੇ ਕਮੀਆਂ ਨੂੰ ਸੁਧਾਰਨ ਲਈ ਆਪਣਾ ਸਰਵੋਤਮ ਦੇਣ ਦੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਮਨੁੱਖੀ ਅਤੇ ਵਿਚਾਰਧਾਰਕ ਸ਼ਕਤੀ ਪ੍ਰਦਾਨ ਕਰਦੀ ਹੈ। ਸਮਾਜ ਹਮੇਸ਼ਾ ਅਜਿਹੇ ਬਦਲ ਦੀ ਉਡੀਕ ਵਿਚ ਰਹਿੰਦਾ ਹੈ, ਜੋ ਇਸ ਨੂੰ ਸਹੀ ਦਿਸ਼ਾ ਦੇ ਸਕੇ ਅਤੇ ਇਸ ਲਈ ਇਸ ਨੂੰ ਅਦ੍ਰਿਸ਼ਟ ਹੋਣ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਜੋ ਇਸ ਦੀ ਮਦਦ ਕਰੇਗਾ।ਇੱਕ ਸਥਾਈ ਵਿਚਾਰ ਦੇ ਰੂਪ ਵਿੱਚ ਪ੍ਰਾਪਤ ਕਰਨ ਲਈ. ਅੱਜ ਸਾਰੀ ਵਿਵਸਥਾ, ਮੀਡੀਆ ਅਤੇ ਮੰਡੀ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਜੀਵਨ ਦਾ ਅੰਤਮ ਉਦੇਸ਼ ਵੱਧ ਤੋਂ ਵੱਧ ਖਪਤ, ਉੱਚ ਪਦਵੀ, ਪਲ-ਪਲ ਪ੍ਰਸਿੱਧੀ, ਸਮਾਜਿਕ ਮਾਣ-ਸਨਮਾਨ ਅਤੇ ਸੁੱਖ-ਸਹੂਲਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਾਪਤ ਕਰਨਾ ਮਨੁੱਖ ਲਈ ਸਰਵੋਤਮ ਬਣ ਗਿਆ ਹੈ। ਸਫ਼ਲਤਾ ਦੇ ਇਸ ਸੰਕਲਪ ਵਿਚ ਨੈਤਿਕਤਾ, ਮਨੁੱਖੀ ਕਦਰਾਂ-ਕੀਮਤਾਂ ਅਤੇ ਕੁਦਰਤ ਪ੍ਰਤੀ ਹਮਦਰਦੀ ਲਈ ਕੋਈ ਥਾਂ ਨਹੀਂ ਹੈ, ਜਿਸ ਨੂੰ ਇਸ ਦੀ ਇਕਪਾਸੜ ਅਤੇ ਸੌੜੀ ਨਜ਼ਰ ਕਿਹਾ ਜਾ ਸਕਦਾ ਹੈ। ਉਹ ਸਫਲਤਾ, ਜੋ ਮਨੁੱਖੀ ਹੋਂਦ, ਚੇਤੰਨਤਾ ਦੀ ਸਾਰਥਿਕਤਾ ਦੀ ਕੀਮਤ 'ਤੇ ਹੀ ਸੰਭਵ ਹੈਜੇ ਤੁਸੀਂ ਇਸ ਨੂੰ ਉਤਪਾਦ ਵਿੱਚ ਬਦਲ ਕੇ ਗਿਆਨ ਅਤੇ ਬੁੱਧੀ ਪ੍ਰਾਪਤ ਕਰਦੇ ਹੋ, ਤਾਂ ਇਹ ਸਮਾਜ ਲਈ ਬੇਕਾਰ ਅਤੇ ਖਤਰਨਾਕ ਹੈ। ਇਹ ਬੇਸਮਝ ਸਮੇਂ ਦੀ ਮਜਬੂਰੀ ਹੋ ਸਕਦੀ ਹੈ, ਪਰ ਇਸ ਬੇਰਹਿਮ ਮਾਹੌਲ ਅਤੇ ਹਾਲਾਤਾਂ ਦੇ ਦਬਾਅ ਵਿੱਚ, ਆਪਣੀ ਅਸਲ ਸਫਲਤਾ ਨੂੰ ਲੱਭਣਾ ਇੱਕ ਸਾਰਥਕ ਯਤਨ ਮੰਨਿਆ ਜਾ ਸਕਦਾ ਹੈ। ਜ਼ਿੰਦਗੀ ਦੇ ਵੱਡੇ-ਵੱਡੇ ਸੁਪਨੇ ਸਾਕਾਰ ਕਰਨ ਲਈ ਸੁਖਾਵੇਂ ਰਾਹਾਂ ਤੋਂ ਹਟ ਕੇ ਕੁਝ ਨਵਾਂ ਆਦਰਸ਼ ਲੱਭਣ ਲਈ ਸੰਘਰਸ਼ ਕਰਨਾ ਹੀ ਸਫ਼ਲਤਾ ਦਾ ਨਵਾਂ ਮਿਆਰ ਬਣ ਸਕਦਾ ਹੈ। ਪਰ ਅਸਲੀਅਤ ਇਹ ਹੈ ਕਿ ਬਹੁਤ ਘੱਟ ਲੋਕ ਆਪਣੀ ਅਤੇ ਸਮਾਜ ਦੀ ਮੁਕਤੀ ਲਈ ਮੁਕਤ ਰਾਹ ਚੁਣਦੇ ਹਨ। ਜ਼ਿਆਦਾਤਰ ਬਣਾਇਆ-ਅੱਪਸੁਵਿਧਾਜਨਕ ਰਸਤਿਆਂ 'ਤੇ ਚੱਲਣਾ ਬਿਹਤਰ ਹੈ. ਪਰ ਕੁਝ ਅਸਾਧਾਰਨ ਸਫਲਤਾ ਪ੍ਰਾਪਤ ਕਰਨ ਲਈ, ਪਰੰਪਰਾ ਤੋਂ ਦੂਰ ਕਿਸੇ ਅਪਹੁੰਚ ਵਿਕਲਪ ਲਈ ਭਟਕਣਾ, ਉਹੀ ਵਿਅਕਤੀ ਕੁਝ ਅਜਿਹਾ ਖੋਜ ਸਕਦਾ ਹੈ ਜੋ ਸਫਲਤਾ ਦੇ ਆਮ ਅਤੇ ਸਧਾਰਨ ਮਾਪਦੰਡਾਂ 'ਤੇ ਅਸੰਭਵ ਸਮਝਿਆ ਜਾ ਸਕਦਾ ਹੈ, ਪਰ ਜੋ ਇੰਨਾ ਵਿਆਪਕ, ਪ੍ਰਭਾਵਸ਼ਾਲੀ ਅਤੇ ਮੌਲਿਕ ਹੈ ਕਿ ਵਿਸ਼ੇ. ਜਿਸ ਬਾਰੇ ਸਫਲ ਹੋਣ ਦੇ ਸਰਲ ਅਰਥਾਂ ਦੀਆਂ ਸੀਮਾਵਾਂ ਕਾਰਨ ਕਦੇ ਸੋਚਿਆ ਹੀ ਨਹੀਂ ਗਿਆ, ਤਾਂ ਉਸ ਸਫਲਤਾ ਨੂੰ ਵਿਅਕਤੀਗਤ ਨਹੀਂ ਕਿਹਾ ਜਾ ਸਕਦਾ, ਸਗੋਂ ਸਮੂਹਿਕ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਹ ਸਬਕ ਬਚਪਨ ਤੋਂ ਹੀ ਦੇਣਾ ਚਾਹੀਦਾ ਹੈ।

# ਬੇਰੁਜ਼ਗਾਰੀ 'ਚ ਹਰਿਆਣਾ ਨੰਬਰ ਇਕ: ਨੌਜਵਾਨਾਂ ਨਾਲ ਖੇਡ ਰਹੀ ਸਰਕਾਰ, ਕਿਉਂ ਨਹੀਂ ਕਰ ਰਹੀ ਭਰਤੀ?



*ਜੇਕਰ ਸਰਕਾਰ ਦੀ ਮਨਸ਼ਾ ਹੈ ਤਾਂ ਸੂਬੇ ਵਿੱਚ ਲੱਖਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਇੱਥੋਂ ਦੇ ਉਦਯੋਗਿਕ ਸਿਖਲਾਈ ਵਿਭਾਗ ਵਿੱਚ ਆਈਟੀਆਈ ਇੰਸਟ੍ਰਕਟਰ ਦੀਆਂ ਅਸਾਮੀਆਂ 'ਤੇ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ? ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਕਿਉਂ ਨਹੀਂ ਭਰੀਆਂ ਜਾ ਰਹੀਆਂ? ਅਤੇ ਪੁਲਿਸ ਦੇ ਚੁਣੇ ਹੋਏ ਉਮੀਦਵਾਰਾਂ ਨੂੰ ਜੁਆਇਨਿੰਗ ਕਿਉਂ ਨਹੀਂ ਦਿੱਤੀ ਜਾਂਦੀ? ਸਰਕਾਰ ਨੂੰ ਇਨ੍ਹਾਂ ਗੱਲਾਂ ਦਾ ਜਵਾਬ ਨੌਜਵਾਨਾਂ ਨੂੰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗਰੁੱਪ ਡੀ ਅਤੇ ਗਰੁੱਪ ਸੀ ਸ਼੍ਰੇਣੀ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਹਰਿਆਣਾ ਦੇ ਕਰੋੜਾਂ ਨੌਜਵਾਨ ਇਨ੍ਹਾਂ ਦੀ ਤਿਆਰੀ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਸਰਕਾਰ ਇਨ੍ਹਾਂ ਦੀ ਪ੍ਰੀਖਿਆ ਲੈ ਕੇ ਇਨ੍ਹਾਂ ਅਸਾਮੀਆਂ ਨੂੰ ਤੁਰੰਤ ਕਿਉਂ ਭਰੇਗੀ? ਇਨ੍ਹਾਂ ਭਰਤੀਆਂ ਨੂੰ ਲੈ ਕੇ ਅਦਾਲਤ ਅਤੇ ਸਟਾਫ਼ ਸਿਲੈਕਸ਼ਨ ਕਮਿਸ਼ਨ ਵਿਚਕਾਰ ਵਾਰ-ਵਾਰ ਉਲਝਣਾਂ ਕਿਉਂ ਪਾਈਆਂ ਜਾਂਦੀਆਂ ਹਨ? ਅਤੇ ਨੌਜਵਾਨਾਂ ਨੂੰ ਪੈਂਡੂਲਮ ਬਣਾ ਕੇ ਰੱਖਿਆ ਗਿਆ ਹੈ। ਆਖ਼ਰ ਸਰਕਾਰ ਦਾ ਇਰਾਦਾ ਕੀ ਹੈ? ਇੱਥੇ ਮੁੱਖ ਮੰਤਰੀ ਨੌਜਵਾਨਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਿਉਂ ਨਹੀਂ ਕਰਦੇ? ਉਨ੍ਹਾਂ ਦੀਆਂ ਸਮੱਸਿਆਵਾਂ ਕਿਉਂ ਨਹੀਂ ਸੁਣੀਆਂ ਜਾਂਦੀਆਂ? ਤੁਸੀਂ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਕਿਉਂ ਨਹੀਂ ਦਿੰਦੇ?*

*-ਪ੍ਰਿਅੰਕਾ 'ਸੌਰਭ'*

ਅੱਜ ਹਰਿਆਣਾ ਕਈ ਸਾਲਾਂ ਤੋਂ ਦੇਸ਼ ਵਿੱਚ ਬੇਰੁਜ਼ਗਾਰੀ ਵਿੱਚ ਪਹਿਲੇ ਨੰਬਰ 'ਤੇ ਹੈ। ਦੇਸ਼ ਅਤੇ ਸੂਬੇ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਲਗਾਤਾਰ ਵਧ ਰਹੀ ਹੈ। ਹਰਿਆਣਾ 35.1% ਦੇ ਨਾਲ ਬੇਰੁਜ਼ਗਾਰੀ ਵਿੱਚ ਦੇਸ਼ ਵਿੱਚ ਪਹਿਲੇ ਨੰਬਰ 'ਤੇ ਹੈ। ਸੂਬੇ ਵਿੱਚ 18 ਤੋਂ 40 ਸਾਲ ਦੀ ਉਮਰ ਦਾ ਹਰ ਦੂਜਾ ਨੌਜਵਾਨ ਬੇਰੁਜ਼ਗਾਰ ਹੈ। ਹਰਿਆਣਾ ਦੀ ਇਸ ਪ੍ਰਾਪਤੀ ਵਿੱਚ ਸਰਕਾਰ ਦਾ ਸਿੱਧਾ ਹੱਥ ਹੈ ਕਿਉਂਕਿ ਕਈ ਸਾਲਾਂ ਤੋਂ ਇਹ ਛੋਟਾ ਸੂਬਾ ਪਹਿਲੇ ਸਥਾਨ 'ਤੇ ਕਾਬਜ਼ ਹੈ। ਹਰਿਆਣਾ 'ਚ ਲੱਖਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ 2014 ਤੋਂ ਨੌਜਵਾਨ ਨੌਕਰੀਆਂ ਲਈ ਕਿਉਂ ਤਰਸ ਰਹੇ ਹਨ? ਕੌਣ ਜ਼ਿੰਮੇਵਾਰ ਹੈ। ਵੱਖ-ਵੱਖ ਵਿਭਾਗਾਂ ਵਿੱਚ ਲੱਖਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਸਰਕਾਰ ਇਨ੍ਹਾਂ ਅਸਾਮੀਆਂ ਨੂੰ ਭਰਨ ਦਾ ਇਰਾਦਾ ਕਿਉਂ ਨਹੀਂ ਰੱਖਦੀ। ਨਾ ਹੀ ਹਰਿਆਣਾ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੇ ਸਰਕਾਰ ਨੂੰ ਇਹ ਅਸਾਮੀਆਂ ਭਰਨ ਲਈ ਕਿਹਾ ਹੈ। ਦਿੱਲੀ ਦੇ ਨਾਲ ਲੱਗਦੇ ਹਰਿਆਣਾ ਰਾਜ ਵਿੱਚ ਭਰਤੀ ਦੀ ਹਾਲਤ ਇਹ ਹੈ ਕਿ 2014 ਤੋਂ ਬਾਅਦ ਇਸ਼ਤਿਹਾਰ ਦਿੱਤੇ ਗਏ ਕਈ ਅਸਾਮੀਆਂ ਦੇ ਨਤੀਜੇ ਅੱਜ ਤੱਕ ਜਾਰੀ ਨਹੀਂ ਕੀਤੇ ਗਏ। ਜੇਕਰ ਕੋਈ ਨਤੀਜਾ ਵੀ ਨਿਕਲਦਾ ਹੈ ਤਾਂ ਉਹ ਭਰਤੀਆਂ ਅਦਾਲਤਾਂ ਵਿੱਚ ਲਟਕ ਰਹੀਆਂ ਹਨ। ਚੁਣੇ ਹੋਏ ਬਿਨੈਕਾਰ ਸ਼ਾਮਲ ਹੋਣ ਲਈ ਤਰਸ ਰਹੇ ਹਨ। ਸਿੱਖਿਆ ਵਿਭਾਗ ਵਿੱਚ ਪਿਛਲੇ 8 ਸਾਲਾਂ ਵਿੱਚ ਕੋਈ ਭਰਤੀ ਨਹੀਂ ਹੋਈ ਹੈ ਜਦਕਿ ਹਰਿਆਣਾ ਦੇ ਲੱਖਾਂ ਨੌਜਵਾਨ ਹਰ ਸਾਲ ਰਾਜ ਯੋਗਤਾ ਪ੍ਰੀਖਿਆ ਪਾਸ ਕਰਦੇ ਹਨ। ਇਸ ਉਮੀਦ ਵਿੱਚ ਕਿ ਇੱਕ ਦਿਨ ਉਹ ਅਧਿਆਪਕ ਬਣ ਕੇ ਦੇਸ਼ ਦਾ ਸੁਨਹਿਰੀ ਭਵਿੱਖ ਬਣਾਉਣਗੇ। ਪਰ ਹੁਣ ਉਨ੍ਹਾਂ ਦਾ ਆਪਣਾ ਭਵਿੱਖ ਹਨੇਰੇ ਵਿੱਚ ਗੁਆਚ ਗਿਆ ਹੈ। ਹਰਿਆਣਾ ਵਿੱਚ ਸਟਾਫ ਸਿਲੈਕਸ਼ਨ ਕਮਿਸ਼ਨ ਦੀ ਭਰਤੀ ਪ੍ਰਣਾਲੀ ਅਤੇ ਕਾਰਜਸ਼ੈਲੀ ਦੀ ਵਿਸ਼ੇਸ਼ਤਾ ਵੇਖੋ। ਪਾਰਦਰਸ਼ਤਾ ਦੇ ਨਾਂ 'ਤੇ ਇੱਥੇ ਨਿੱਤ ਨਵੇਂ ਨਿਯਮ ਬਣਾਏ ਜਾਂਦੇ ਹਨ ਅਤੇ ਕਈ ਵਾਰ ਕਾਮਨ ਰਿਕਰੂਟਮੈਂਟ ਟੈਸਟ ਦੇ ਨਾਂ 'ਤੇ ਨੌਜਵਾਨਾਂ ਨੂੰ ਲੁਭਾਇਆ ਜਾਂਦਾ ਹੈ। ਵੱਖ-ਵੱਖ ਕਿਸਮ ਦੀਆਂ ਸਬਜ਼ੀਆਂ ਦਿਖਾਈਆਂ ਜਾਂਦੀਆਂ ਹਨ। ਬੇਰੋ-ਜ਼ਗਾਰ ਨੌਜਵਾਨ ਉਨ੍ਹਾਂ ਦਾ ਪਿੱਛਾ ਕਰਦੇ ਹਨ ਪਰ ਆਖਿਰ ਕੁਝ ਵੀ ਕੰਮ ਨਹੀਂ ਆਉਂਦਾ।

ਅੱਜ ਹਰਿਆਣੇ ਦੇ ਨੌਜਵਾਨਾਂ ਦੀ ਹਾਲਤ ਇਸ ਮੋੜ 'ਤੇ ਪਹੁੰਚ ਗਈ ਹੈ ਕਿ ਇੱਥੇ ਕਰੋੜਾਂ ਨੌਜਵਾਨ ਖਾਲੀ ਅਸਾਮੀਆਂ ਲਈ ਇਸ਼ਤਿਹਾਰਾਂ ਲਈ ਪਹਿਲਾਂ ਸਰਕਾਰ ਨੂੰ ਦੁਆ ਕਰਦੇ ਹਨ, ਜੇਕਰ ਗੱਲ ਨਾ ਬਣੀ ਤਾਂ ਮਜਬੂਰੀ ਵੱਸ ਅੰਦੋਲਨ ਕਰਦੇ ਹਨ। ਜੇਕਰ ਪੇਪਰ ਸਹੀ ਸਮੇਂ 'ਤੇ ਨਹੀਂ ਹੁੰਦੇ ਤਾਂ ਉਹ ਆਪਣੀਆਂ ਪ੍ਰੀਖਿਆਵਾਂ ਲਈ ਸੜਕਾਂ 'ਤੇ ਆ ਜਾਂਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਮਤਿਹਾਨ ਬਿਲਕੁਲ ਨਹੀਂ ਹੁੰਦਾ, ਜੇ ਹੁੰਦਾ ਹੈ ਤਾਂ ਵਾਰ-ਵਾਰ ਲੀਕ ਹੋ ਜਾਂਦਾ ਹੈ। ਭਾਵੇਂ ਕੋਈ ਇਮਤਿਹਾਨ ਪੂਰਾ ਹੋ ਜਾਂਦਾ ਹੈ, ਬਿਨੈਕਾਰ ਇਸਦੇ ਨਤੀਜੇ ਲਈ ਸਾਲਾਂ ਤੱਕ ਉਡੀਕ ਕਰਦੇ ਹਨ ਜਾਂ ਸਿਆਸਤਦਾਨਾਂ ਦੇ ਚੈਂਬਰਾਂ ਵਿੱਚ ਜਾਂਦੇ ਹਨ। ਜੇਕਰ ਨਤੀਜਾ ਵੀ ਜਾਰੀ ਹੋ ਜਾਂਦਾ ਹੈ ਤਾਂ ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਭਰਤੀ



ਲਈ ਸਾਲਾਂਬੱਧੀ ਉਡੀਕ ਵਿੱਚ ਬੈਠਣਾ ਪੈਂਦਾ ਹੈ ਜਾਂ ਫਿਰ ਇਹੋ ਜਿਹੀਆਂ ਭਰਤੀਆਂ ਅਜਿਹੇ ਮੋੜ 'ਤੇ ਲਿਆ ਕੇ ਕਚਹਿਰੀ ਵਿੱਚ ਫਸ ਜਾਂਦੀਆਂ ਹਨ।

ਮਿਸਾਲ ਵਜੋਂ ਇੱਥੋਂ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਇੰਸਟ੍ਰਕਟਰਾਂ ਦੀਆਂ ਕਰੀਬ 3000 ਅਸਾਮੀਆਂ ਦੀ ਭਰਤੀ ਪਿਛਲੇ 9 ਸਾਲਾਂ ਤੋਂ ਲਟਕ ਰਹੀ ਹੈ। ਨੌਜਵਾਨਾਂ ਦੀ ਅਣਥੱਕ ਮਿਹਨਤ ਦੇ ਨਤੀਜੇ ਵਜੋਂ ਕੁਝ ਅਸਾਮੀਆਂ ਦੇ ਨਤੀਜੇ ਤਾਂ ਜਾਰੀ ਹੋਏ ਹਨ, ਪਰ ਉਹ ਜੁਆਇਨ ਵੀ ਨਹੀਂ ਹੋਏ। ਇੰਨਾ ਹੀ ਨਹੀਂ ਸਟਾਫ਼ ਸਿਲੈਕਸ਼ਨ ਵਿਭਾਗ ਵੱਲੋਂ ਮੇਨ ਟਰੇਡ ਵਿੱਚ ਵੱਡੀ ਭਰਤੀ ਦਾ ਨਤੀਜਾ ਅਜੇ ਵੀ ਰੋਕਿਆ ਹੋਇਆ ਹੈ। ਕੈਟਾਗਰੀ ਦੀ ਇੱਕ-ਦੋ ਪੋਸਟਾਂ ਹੋਣ ਦਾ ਨਤੀਜਾ ਜਾਰੀ ਕਰਕੇ ਕਿਹਾ ਗਿਆ ਕਿ ਅਸੀਂ ਸੂਚੀ ਦੇ ਰਹੇ ਹਾਂ। ਭਰਤੀ ਦੇ ਨਿਯਮਾਂ ਵਿੱਚ ਸਪੱਸ਼ਟਤਾ ਦੀ ਅਣਹੋਂਦ ਵਿੱਚ, ਭਰਤੀ ਅਦਾਲਤ ਅਤੇ ਕਮਿਸ਼ਨ ਦੇ ਵਿਚਕਾਰ ਝੂਲਦੀ ਰਹਿੰਦੀ ਹੈ। ਆਖ਼ਰ ਕਮਿਸ਼ਨ ਇਸ਼ਤਿਹਾਰ ਜਾਰੀ ਕਰਨ ਵੇਲੇ ਸਪੱਸ਼ਟ ਨਿਯਮ ਕਿਉਂ ਨਹੀਂ ਬਣਾਉਂਦਾ। ਆਖ਼ਰ ਉਨ੍ਹਾਂ ਦਾ ਇਰਾਦਾ ਕੀ ਹੈ? ਬੇਰੋਜ਼ਗਾਰੀ ਦੇ ਨਾਲ-ਨਾਲ ਨੌਜਵਾਨਾਂ ਨੂੰ ਅਦਾਲਤ ਅਤੇ ਕਮਿਸ਼ਨ ਦੇ ਵਿਚਕਾਰ ਕਿਉਂ ਪੀਸਣਾ ਪੈ ਰਿਹਾ ਹੈ? ਹਾਲਾਤ ਇਸ ਹੱਦ ਤੱਕ ਪਹੁੰਚ ਗਏ ਹਨ ਕਿ ਸਾਂਝਾ ਇਮਤਿਹਾਨ ਦੇ ਨਾਂ 'ਤੇ ਹਰਿਆਣਾ ਦੇ ਲੱਖਾਂ ਨੌਜਵਾਨ ਘਰ ਬੈਠੇ ਪ੍ਰੀਖਿਆ ਦੀ ਉਡੀਕ ਕਰ ਰਹੇ ਹਨ, ਪਰ ਸਰਕਾਰ ਨੂੰ ਇਹ ਗੱਲ ਸਮਝ ਨਹੀਂ ਆ ਰਹੀ।

ਆਖ਼ਰ ਹਰਿਆਣਾ ਸਰਕਾਰ ਨੂੰ ਸਮੇਂ-ਸਮੇਂ 'ਤੇ ਸਿਰਫ਼ ਇਕ ਜਾਂ ਦੋ ਛਿੱਟੀਆਂ ਭਰਤੀਆਂ ਦੀ ਹੀ ਜਾਂਚ ਕਿਉਂ ਕਰਨੀ ਪੈਂਦੀ ਹੈ? ਹਰਿਆਣਾ ਸਰਕਾਰ ਦੀਆਂ ਦੋ ਇਤਿਹਾਸਕ ਭਰਤੀਆਂ, ਗਰੁੱਪ ਡੀ ਅਤੇ ਕਲਰਕ ਦੀ ਹਰ ਰੋਜ਼ ਪੜਤਾਲ ਕੀਤੀ ਜਾਂਦੀ ਹੈ। ਜੇਕਰ ਗਰੁੱਪ ਡੀ ਨੂੰ ਵੋਟ ਬੈਂਕ ਦਾ ਸਾਧਨ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਇਹ ਭਰਤੀ ਕਾਹਲੀ ਵਿੱਚ, ਬਿਨਾਂ ਕਿਸੇ ਤਸਦੀਕ ਦੇ, ਰਾਤੋ-ਰਾਤ ਅਤੇ ਪਿਛਲੀਆਂ ਚੋਣਾਂ ਤੋਂ ਕੁਝ ਦਿਨ ਪਹਿਲਾਂ ਕੀਤੀ ਗਈ ਸੀ। ਅਜਿਹਾ ਹੀ ਕੁਝ ਕਲਰਕਾਂ ਦੀਆਂ 5000 ਅਸਾਮੀਆਂ ਦੀ ਭਰਤੀ ਦੌਰਾਨ ਹੋਇਆ, ਜਿਸ ਦਾ ਸੋਧਿਆ ਨਤੀਜਾ ਹੁਣ ਸਾਲਾਂ ਬਾਅਦ ਜਾਰੀ ਕੀਤਾ ਜਾ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਹਜ਼ਾਰਾਂ ਨੌਜਵਾਨਾਂ ਦਾ ਭਵਿੱਖ ਹਨੇਰੇ ਵਿੱਚ ਗੁਆਚ ਗਿਆ ਹੈ, ਕੋਈ ਗਲਤੀ ਕਰੇ, ਕੋਈ ਭਰ ਦੇਵੇ।

ਹਰਿਆਣਾ ਪੁਲਿਸ ਵਿੱਚ ਹਰ ਸਾਲ ਹਜ਼ਾਰਾਂ ਅਸਾਮੀਆਂ ਦੀ ਭਰਤੀ ਦਾ ਮਾਣ ਕਰਨ ਵਾਲੀ ਸਰਕਾਰ ਪਿਛਲੇ 3 ਸਾਲਾਂ ਤੋਂ ਚੱਲ ਰਹੀ ਕਾਂਸਟੇਬਲਾਂ ਦੀ ਭਰਤੀ ਨੂੰ ਵੀ ਪੂਰਾ ਨਹੀਂ ਕਰ ਸਕੀ ਹੈ। ਇਸ ਭਰਤੀ ਲਈ ਲੱਖਾਂ ਨੌਜਵਾਨਾਂ ਨੇ ਸਖ਼ਤ ਮਿਹਨਤ ਕੀਤੀ ਪਰ ਸਰਕਾਰ ਦੀ ਨੀਅਤ ਦੀ ਅਣਹੋਂਦ ਕਾਰਨ ਅੱਜ ਵੀ ਇਹ ਭਰਤੀ ਮੁਕੰਮਲ ਨਹੀਂ ਹੋ ਸਕੀ। ਆਲਮ ਇਹ ਹੈ ਕਿ ਹਰਿਆਣਾ ਦੇ ਹਰ ਵਿਭਾਗ ਵਿੱਚ ਲੱਖਾਂ ਅਸਾਮੀਆਂ ਖਾਲੀ ਹਨ ਪਰ ਸਰਕਾਰ ਇਨ੍ਹਾਂ ਅਸਾਮੀਆਂ ਨੂੰ ਭਰਨਾ ਨਹੀਂ ਚਾਹੁੰਦੀ। ਇਸੇ ਲਈ ਰੁਜ਼ਗਾਰ ਦੇ ਮਾਮਲੇ ਵਿੱਚ ਹਰਿਆਣਾ ਨੰਬਰ ਇੱਕ ਹੈ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰਿਆਣਾ ਬੇਰੁਜ਼ਗਾਰੀ ਦੇ ਨਾਲ-ਨਾਲ ਚੋਰੀਆਂ, ਲੁੱਟਾਂ-ਖੋਹਾਂ ਅਤੇ ਹੋਰ ਅਪਰਾਧਿਕ ਘਟਨਾਵਾਂ 'ਚ ਵੀ ਪਹਿਲੇ ਨੰਬਰ 'ਤੇ ਆ ਜਾਵੇਗਾ।

ਹਰਿਆਣਾ ਸਰਕਾਰ ਦੇ ਐਚ.ਐਸ.ਆਈ.ਆਈ.ਡੀ.ਸੀ. ਵਿੱਚ ਵੱਖ-ਵੱਖ ਸ਼੍ਰੇਣੀਆਂ ਦੀਆਂ 200-300 ਅਸਾਮੀਆਂ ਦੀ ਭਰਤੀ ਅੱਜ ਚੋਣ ਹੋਣ ਦੇ ਬਾਵਜੂਦ ਜੁਆਇਨ ਕਰਨ ਲਈ ਤਰਸ ਰਹੀ ਹੈ। ਆਖਿਰ ਵਿਭਾਗ ਦੇ ਮੁਖੀ ਅਤੇ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਜੁਆਇਨਿੰਗ ਕਿਉਂ ਨਹੀਂ ਦੇ ਰਹੀ। ਇਸ ਵਿੱਚ ਨੌਜਵਾਨਾਂ ਦਾ ਕੀ ਕਸੂਰ ਹੈ ਕਿ ਉਹ ਚੋਣ ਤੋਂ ਬਾਅਦ ਵੀ ਸਾਲਾਂ ਤੋਂ ਘਰ ਬੈਠੇ ਜੁਆਇਨ ਕਰਨ ਦੀ ਉਡੀਕ ਕਰ ਰਹੇ ਹਨ। ਨਤੀਜਾ ਇਹ ਹੈ ਕਿ ਅੱਜ ਦਾ ਪੜ੍ਹਿਆ-ਲਿਖਿਆ ਨੌਜਵਾਨ ਨੌਕਰੀਆਂ ਨਾ ਮਿਲਣ ਕਾਰਨ ਸੈਟਲ ਹੋਣ ਲਈ ਤਰਸ ਰਿਹਾ ਹੈ ਕਿਉਂਕਿ ਭਰਤੀ ਨਾ ਹੋਣ ਕਾਰਨ ਨੌਜਵਾਨ ਲਗਾਤਾਰ ਤਿਆਰੀ ਕਰਦੇ ਰਹਿੰਦੇ ਹਨ। ਉਮਰ ਵਧਦੀ ਜਾਂਦੀ ਹੈ ਅਤੇ ਰੁਜ਼ਗਾਰ ਨਾ ਮਿਲਣ ਕਾਰਨ ਉਹ ਵਿਆਹ ਲਈ ਸਹੀ ਸਮੇਂ 'ਤੇ ਸੋਚ ਵੀ ਨਹੀਂ ਪਾਉਂਦਾ।

ਹਰ ਸਾਲ ਸੂਬੇ ਦੇ ਲੱਖਾਂ ਨੌਜਵਾਨਾਂ ਨੂੰ ਅਧਿਆਪਕ ਯੋਗਤਾ ਪ੍ਰੀਖਿਆ ਦੇ ਨਾਂ 'ਤੇ ਲੁੱਟਿਆ ਜਾਂਦਾ ਹੈ ਪਰ ਅਧਿਆਪਕਾਂ ਦੀਆਂ ਭਰਤੀਆਂ ਨਹੀਂ ਕੱਢੀਆਂ ਜਾਂਦੀਆਂ। ਜੇਕਰ ਭਰਤੀ ਨਹੀਂ ਤਾਂ ਯੋਗਤਾ ਪ੍ਰੀਖਿਆ ਕਿਉਂ? ਆਲਮ ਇਹ ਹੈ ਕਿ ਅੱਜ ਅਧਿਆਪਕਾਂ ਦੇ ਲੱਖਾਂ ਬਿਨੈਕਾਰਾਂ ਦੀ ਰਾਸ਼ਟਰੀ ਯੋਗਤਾ ਸਰਟੀਫਿਕੇਟ ਦੀ ਵੈਧਤਾ ਖਤਮ ਹੋਣ ਕਿਨਾਰੇ ਹੈ, ਉਹ ਵਾਰ-ਵਾਰ ਇਮਤਿਹਾਨ ਪਾਸ ਕਰਕੇ ਥੱਕੇ-ਟੁੱਟੇ ਹੋਏ ਹਨ। ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਨਾ ਤਾਂ ਇੱਥੋਂ ਦਾ ਸਿੱਖਿਆ ਵਿਭਾਗ ਅਤੇ ਨਾ ਹੀ ਇੱਥੋਂ ਦੀ ਸਰਕਾਰ ਇਨ੍ਹਾਂ ਅਸਾਮੀਆਂ ਨੂੰ ਭਰਨ ਬਾਰੇ ਸੋਚ ਰਹੀ ਹੈ। ਇਸ ਦੇ ਉਲਟ ਇੱਥੋਂ ਦੇ ਹਜ਼ਾਰਾਂ ਸਰਕਾਰੀ ਸਕੂਲਾਂ ਦਾ ਕੰਮ ਠੱਪ ਹੋ ਗਿਆ ਹੈ। ਆਖ਼ਰ ਨੌਕਰੀਆਂ ਦੀ ਉਡੀਕ ਕਰ ਰਹੇ ਹਰਿਆਣਾ ਦੇ ਗਰੀਬ ਅਤੇ ਦੱਬੇ-ਕੁਚਲੇ ਬੱਚਿਆਂ ਅਤੇ ਹੋਣਹਾਰ ਅਤੇ ਪੜ੍ਹੇ-ਲਿਖੇ ਨੌਜਵਾਨਾਂ ਦਾ ਕੀ ਬਣੇਗਾ?

ਜੇਕਰ ਦੇਖਿਆ ਜਾਵੇ ਤਾਂ ਪਿਛਲੇ 8 ਸਾਲਾਂ ਵਿੱਚ ਇੱਥੋਂ ਦੀ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਕੁਝ ਨਾਮਾਤਰ ਅਸਾਮੀਆਂ ਭਰਨ ਤੋਂ ਇਲਾਵਾ ਕਿਸੇ ਵੀ ਵਿਭਾਗ ਵਿੱਚ ਕੋਈ ਵੀ ਭਰਤੀ ਚੰਗੀ ਤਰ੍ਹਾਂ ਨਾਲ ਮੁਕੰਮਲ ਨਹੀਂ ਕੀਤੀ ਗਈ। ਤਾਂ ਜੋ ਨੌਜਵਾਨ ਸੰਤੁਸ਼ਟ ਹੋ ਸਕਣ। ਸਿਹਤ ਵਿਭਾਗ ਵਿੱਚ ਭਰਤੀਆਂ ਨੂੰ ਸਮੇਂ ਦੀ ਲੋੜ ਕਹੋ ਜਾਂ ਸਰਕਾਰ ਦੀ ਮਜਬੂਰੀ ਕਿਉਂਕਿ ਕਰੋਨਾ ਦੇ ਦੌਰ ਕਾਰਨ ਮਜਬੂਰੀ ਵਿੱਚ ਪੈਰਾ-ਮੈਡੀਕਲ ਸਟਾਫ਼ ਦੀ ਭਰਤੀ ਕਰਨੀ ਪਈ ਸੀ ਅਤੇ ਇਹ ਭਰਤੀਆਂ ਵੀ ਬਿਨੈਕਾਰਾਂ ਦੇ ਸੜਕਾਂ 'ਤੇ ਉਤਰਨ ਤੋਂ ਬਾਅਦ ਪੂਰੀਆਂ ਹੋ ਗਈਆਂ ਸਨ। ਆਖ਼ਰ ਇੱਥੋਂ ਦੇ ਸਰਦਾਰਾਂ ਨੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਰਨ ਲਈ ਕਿਉਂ ਮਜਬੂਰ ਕੀਤਾ ਹੈ? ਅੱਜ ਨੌਜਵਾਨ ਆਪਣੇ ਹੱਕਾਂ ਲਈ ਹਰਿਆਣਾ ਸਰਕਾਰ ਦੇ ਖਿਲਾਫ ਖੜੇ ਹੋ ਗਏ ਹਨ। ਸਰਕਾਰ ਨੂੰ ਸਿਰਫ਼ ਸੋਚਣਾ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕੱਢਣਾ ਹੋਵੇਗਾ। ਤਾਂ ਹੀ ਅਸੀਂ ਸੁਨਹਿਰੀ ਹਰਿਆਣਾ ਬਣਾ ਸਕਾਂਗੇ।

*-ਪ੍ਰਿਅੰਕਾ ਸੌਰਭ*
*ਰਾਜਨੀਤੀ ਵਿਗਿਆਨ ਵਿੱਚ ਖੋਜ ਵਿਦਵਾਨ,*
*ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,*
*ਉੱਬਾ ਭਵਨ, ਆਰੀਆ ਨਗਰ,*
*ਹਿਸਾਰ (ਹਰਿਆਣਾ)-127045*

# ਪਿਓ-ਪੁੱਤ ਦੀਆਂ ਕਿਤਾਬਾਂ ਦਾ ਇਕੱਠੀਆਂ ਲੋਕ-ਅਰਪਣ ਹੋਣਾ ਅਨੋਖਾ ਸਬੱਬ

ਸਾਹਿਤ ਰਚਨਾ 'ਹਾਰੀ ਸਾਰੀ' ਦੇ ਵੱਸ ਦਾ ਰੋਗ ਨਹੀਂ। ਉਂਝ ਤਾਂ ਕਿਸੇ ਭਾਸ਼ਾ ਵਿੱਚ ਵੀ ਇਹ ਕਿਸੇ 'ਹਾਰੀ ਸਾਰੀ' ਦੇ ਵੱਸ ਦਾ ਰੋਗ ਨਹੀਂ ਪਰ ਮੈਂ ਪੰਜਾਬੀ ਦੀ ਗੱਲ ਇਸ ਲਈ ਛੇੜੀ ਹੈ ਕਿਉਂਕਿ ਇੱਕ ਤਾਂ ਆਪਾਂ ਪੰਜਾਬੀ ਹਾਂ, ਦੂਜਾ ਪੰਜਾਬੀਆਂ ਨੇ ਪੰਜਾਬੀ ਬੋਲੀ ਨੂੰ ਆਮ ਕਰਕੇ ਅਤੇ ਪੰਜਾਬੀ ਕਿਤਾਬਾਂ ਨੂੰ ਖ਼ਾਸ ਕਰਕੇ ਤਿਲਾਂਜਲੀ ਦਿੱਤੀ ਹੋਈ ਹੈ। ਫਿਰ ਵੀ ਪੰਜਾਬੀ ਪਿਆਰੇ ਆਪਣੇ ਤੌਰ 'ਤੇ ਸਾਹਿਤ ਰਚੀ ਜਾ ਰਹੇ ਹਨ। ਰਾਜਨੀਤੀ ਜਾਂ ਫ਼ਿਲਮੀ ਜਗਤ ਵਿਚ ਪੀੜ੍ਹੀ ਦਰ ਪੀੜ੍ਹੀ ਚੱਲਦੇ ਜਾਣਾ ਭਾਵੇਂ ਇੱਕ ਆਮ ਵਰਤਾਰਾ ਹੋ ਸਕਦਾ ਹੈ, ਪਰ ਸਾਹਿਤ ਦੇ ਖੇਤਰ ਵਿਚ ਇਹ ਸ਼ਾਇਦ ਇਕ ਦੁਰਲਭ ਅਤੇ ਨਿਵੇਕਲਾ ਵਰਤਾਰਾ ਹੀ ਹੋਵੇਗਾ। ਅੱਜ ਮੈਂ ਇੱਕ ਅਜਿਹੇ ਪਰਿਵਾਰ ਦੀ ਗੱਲ ਸਾਂਝੀ ਕਰਨ ਲੱਗਾ ਹਾਂ, ਜੋ ਕਿ ਚਾਰ ਪੀੜ੍ਹੀਆਂ ਤੋਂ ਸਾਹਿਤ ਰਚ ਰਿਹਾ ਹੈ। ਇਹ ਪਰਿਵਾਰ ਹੈ ਪ੍ਰਸਿੱਧ ਸਾਹਿਤਕਾਰ ਅਤੇ ਐਡਵੋਕੇਟ ਰਿਪੁਦਮਨ ਸਿੰਘ ਰੂਪ ਹੁਰਾਂ ਦਾ। ਸ੍ਰੀ ਰੂਪ ਕਾਵਿ-ਸੰਗ੍ਰਹਿ ਰਾਣੀ ਰੁੱਤ, ਲਾਲਗੜ੍ਹ, ਕਹਾਣੀ-ਸੰਗ੍ਰਹਿ ਦਿਲ ਦੀ ਅੱਗ, ਬਹਾਨੇ ਬਹਾਨੇ, ਓਪਰੀ ਹਵਾ, ਪਹੁ ਫੁਟਾਲ਼ੇ ਤੱਕ ਮਿੰਨੀਕਹਾਣੀ-ਸੰਗ੍ਰਹਿ ਬਦਮਾਸ਼, ਨਾਵਲ ਝੱਖੜਾਂ ਵਿੱਚ ਝੂਲਦਾ ਰੁੱਖ, ਲੇਖ-ਸੰਗ੍ਰਹਿ ਬੰਨੇ ਚੰਨੇ ਨਾਲ ਸਾਹਿਤ ਦੇ ਖੇਤਰ ਵਿਚ ਆਪਣੀ ਜ਼ਿਕਰਯੋਗ ਹਾਜ਼ਰੀ ਲਵਾਈ ਹੈ। ਸ੍ਰੀ ਰੂਪ ਦੀਆਂ ਰਚਨਾਵਾਂ ਕਾਫੀ ਬੇਬਾਕ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਹੱਡੀਂ ਹੰਢਾਏ ਸੱਚ ਬਿਆਨ ਕਰਦੀਆਂ ਹਨ। ਕਾਵਿ-ਸੰਗ੍ਰਹਿ ਧੂੜ ਹੇਠਲੀ ਕਵਿਤਾ ਦਾ ਸੰਪਾਦਨ ਵੀ ਰੂਪ ਹੁਰਾਂ ਕੀਤਾ, ਜੋ ਕਿ ਇਨ੍ਹਾਂ ਦੇ ਪਿਤਾ ਕਵੀ ਗਿਆਨੀ ਈਸ਼ਰ ਸਿੰਘ ਦਰਦ ਦੀ ਰਚਨਾ ਸੀ, ਜੋ ਉਹਨਾਂ ਵੱਲੋਂ ਅਜ਼ਾਦੀ ਤੋਂ ਪਹਿਲੋਂ ਦੇ ਸਮੇਂ ਦੌਰਾਨ ਅਤੇ ਮਗਰੋਂ ਰਚੀ ਗਈ। ਗਿਆਨੀ ਜੀ ਇਸ ਪਰਿਵਾਰ ਦੀ ਸਾਹਿਤਕ ਖੇਤਰ ਦੀ ਪਹਿਲੀ ਪੀੜ੍ਹੀ ਸਨ। ਸ਼੍ਰੋਮਣੀ ਸਾਹਿਤਕਾਰ ਸ੍ਰੀ ਸੰਤੋਖ ਸਿੰਘ ਧੀਰ ਗਿਆਨੀ ਜੀ ਦੇ ਜੇਠੇ ਪੁੱਤਰ ਸਨ ਅਤੇ ਸ੍ਰੀ ਰੂਪ ਦੇ ਵੱਡੇ ਭਰਾ। ਸ੍ਰੀ ਧੀਰ ਅਤੇ ਸ੍ਰੀ ਰੂਪ ਸਾਹਿਤ ਨੂੰ ਸਮਰਪਿਤ ਦੂਜੀ ਪੀੜ੍ਹੀ ਹੋ ਨਿਬੜਦੀ ਹੈ।



ਸ੍ਰੀ ਰੂਪ ਨੇ ਆਪਣੀ ਸਾਰੀ ਜ਼ਿੰਦਗੀ ਮੁਲਾਜ਼ਮ ਜਥੇਬੰਦੀਆਂ ਦੇ ਲੇਖੇ ਲਾਈ ਹੈ। ਇਸ ਲਈ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਲੋਕਾਈ ਦੇ ਦੁੱਖ, ਉਨ੍ਹਾਂ ਦਾ ਸੰਘਰਸ਼ ਅਤੇ ਫਿਰ ਲੋਕਾਈ ਦੀ ਜਿੱਤ ਬੜੇ ਕਲਾਮਈ ਢੰਗ ਨਾਲ਼ ਪੇਸ਼ ਕੀਤੀ ਗਈ ਹੈ। ਉਮਰ ਦੇ 87 ਸਾਲ ਦੇ ਪੜਾਅ ਵਿਚ ਸ੍ਰੀ ਰੂਪ ਆਪਣੇ ਨਵੇਂ ਨਾਵਲ ਪ੍ਰੀਤੀ, ਤੀਲ੍ਹਾ ਕੈਨੇਡਾ/ਪਾਕਿਸਤਾਨ ਦੀਆਂ ਯਾਤਰਾਵਾਂ-ਪੰਛੀ ਝਾਤ, ਆਦਿ ਨੂੰ ਅੰਤਿਮ ਛੋਹਾਂ ਦੇਣ ਵਿਚ ਮਸ਼ਰੂਫ਼ ਹਨ।

ਤੀਜੀ ਪੀੜ੍ਹੀ ਵਿੱਚ ਸਾਡੇ ਕੋਲ਼ ਸ੍ਰੀ ਰੂਪ ਦੇ ਸਪੁੱਤਰ ਨਾਟਕਕਾਰ ਸੰਜੀਵਨ ਸਿੰਘ ਅਤੇ ਐਡਵੋਕੇਟ ਰੰਜੀਵਨ ਸਿੰਘ ਆਉਂਦੇ ਹਨ। ਸੰਜੀਵਨ ਸਿੰਘ ਨਾਟਕਕਾਰ ਦੇ ਤੌਰ 'ਤੇ ਸਾਡੇ ਸਾਹਮਣੇ ਹਾਜ਼ਰ ਹੁੰਦਾ ਹੈ। ਸੰਜੀਵਨ ਦੇ ਲਿਖੇ ਹੋਏ ਨਾਟਕ ਪੰਜਾਬੀ ਦਰਸ਼ਕਾਂ ਨੇ ਵੱਖ-ਵੱਖ ਸਟੇਜਾਂ ਉੱਤੇ ਦੇਖੇ ਹੋਏ ਹਨ। ਮੰਚਤ ਨਾਟਕਾਂ ਵਿੱਚ ਮੁੱਖ ਮਹਿਮਾਨ, ਸੌਰੀ, ਮਸਤਾਨੇ, ਸਿਰ ਦੀਜੈ ਕਾਣਿ ਨਾ ਕੀਜੈ, ਸੁੰਨਾ ਵਿਹੜਾ, ਖੁਸਰੇ, ਬੇਰੀਆਂ, ਸਰਦਾਰ, ਜਹਾਜ਼, ਕੱਫਣ, ਦੇਸੀ ਅਤੇਜ਼ੋਰ ਲਗਾ ਕੇ ਹਾਈ ਸ਼ਾਅ ਪ੍ਰਮੁੱਖ ਹਨ। ਇਸੇ ਤਰ੍ਹਾਂ ਨਾਟਕੀ ਰੂਪਾਂਤਰ ਵਿੱਚ ਡੈਣ, ਮੇਰਾ ਉੱਜੜਿਆ ਗੁਆਂਢੀ, ਭਾਬੀ ਮੈਨਾ ਅਤੇ ਕਹਾਣੀ ਇੱਕ ਪਿੰਡ ਦੀ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਸੰਜੀਵਨ ਨੇ ਨਾਟਕ ਫਰੀਡਮ ਫਾਈਟਰ, ਬਲਖ ਨਾ ਬੁਖਾਰੇ , ਪੀ.ਜੀ.-ਦਾ ਪੇਇੰਗ ਗੈਸਟ ਅਤੇ ਦਫ਼ਤਰ ਕਿਤਾਬੀ ਰੂਪ ਵਿੱਚ ਪੰਜਾਬੀ ਪਾਠਕਾਂ ਦੀ ਝੋਲ਼ੀ ਪਾਏ ਹਨ। ਇਸ ਦੇ ਨਾਟਕ ਫ਼ਰੀਡਮ ਫ਼ਾਈਟਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਈ ਸੀ ਨੰਦਾ ਐਵਾਰਡ ਵੀ ਮਿਲ ਚੁੱਕਾ ਹੈ। ਹੁਣ ਸੰਜੀਵਨ ਆਪਣਾ ਨਵ-ਪ੍ਰਕਾਸ਼ਿਤ ਨਾਟਕ ਖੁਸਰੇ ਲੈ ਕੇ ਹਾਜ਼ਰ ਹੈ, ਜੋ ਸਮਾਜ ਵੱਲੋਂ ਅਣਗੋਲੇ, ਦੁਰਕਾਰੇ ਤੇ ਛੇਕੇ ਵਰਗ ਖੁਸਰਿਆਂ ਦੇ ਸੰਤਾਪ ਅਤੇ ਦੁਰਗਤੀ ਦੀ ਬਾਤ ਪਾਉਂਦਾ ਹੈ। ਜ਼ਿਕਰਯੋਗ ਹੈ ਕਿ ਖੁਸਰੇ ਨਾਟਕ ਦੇ ਪੰਜਾਬ ਅਤੇ ਪੰਜਾਬੋਂ ਬਾਹਰ ਅਨੇਕਾਂ ਮੰਚਨ ਹੋ ਚੁੱਕੇ ਹਨ।

ਸ੍ਰੀ ਰੂਪ ਦੇ ਛੋਟੇ ਪੁੱਤਰ ਰੰਜੀਵਨ ਵੱਲੋਂ ਸੰਤੋਖ ਸਿੰਘ ਧੀਰ ਦੀਆਂ 1975 ਵਿਚ ਇੰਗਲੈਂਡ ਤੋਂ ਆਪਣੇ ਭਰਾ ਰਿਪੁਦਮਨ ਸਿੰਘ ਰੂਪ ਨੂੰ ਲਿਖਿਆਂ ਚਿੱਠੀਆਂ ਦਾ ਸੰਗ੍ਰਹਿ 'ਜਿਵੇਂ ਰਾਮ ਨੂੰ ਲਛਮਣ ਸੀ' ਦਾ ਸੰਪਾਦਨ ਕੀਤਾ ਗਿਆ ਹੈ। ਗਾਹੇ-ਬਗਾਹੇ ਉਸ ਦੀ ਅਦਾਕਾਰੀ ਅਤੇ ਉਸ ਦੀਆਂ ਰਚਨਾਵਾਂ ਸੋਸ਼ਲ ਮੀਡੀਏ ਜਾਂ ਅਖ਼ਬਾਰਾਂ/ਰਸਾਲਿਆਂ ਰਾਹੀਂ ਸਾਡੇ ਕੋਲ਼ ਪੁੱਜਦੀਆਂ ਰਹਿੰਦੀਆਂ ਹਨ, ਜੋ ਉਸ ਦੇ ਮਿਆਰੀ ਸਾਹਿਤਕਾਰ ਹੋਣ ਦੀ ਸ਼ਾਹਦੀ ਭਰਦੀਆਂ ਹਨ।

ਚੌਥੀ ਪੀੜ੍ਹੀ ਦੇ ਤੌਰ 'ਤੇ ਦੇਖੀਏ, ਤਾਂ ਸੰਜੀਵਨ ਦੀ ਵੱਡੀ ਧੀ ਰਿੱਤੂ ਰਾਗ, ਜੋ ਅਜਮੇਰ ਰਾਜਸਥਾਨ ਵਿਖੇ ਬੈਂਕ ਆਫ ਬੜੌਦਾ ਵਿਚ ਲਾਅ ਅਫਸਰ ਹੋਣ ਦੇ ਨਾਲ ਨਾਲ ਇਕ ਅਦਾਕਰ ਤੇ ਚਿੱਤਰਕਾਰ ਵੀ ਹੈ ਅਤੇ ਯੂ ਐਂਡ ਆਈ ਨਾਂ ਦਾ ਅੰਗ੍ਰੇਜ਼ੀ ਕਾਵਿ-ਸੰਗ੍ਰਹਿ ਲੈ ਕੇ ਸਾਹਮਣੇ ਆ ਚੁੱਕੀ ਹੈ। ਸੰਜੀਵਨ ਦੀ ਸੀ.ਏ. ਕਰ ਰਹੀ ਦੂਜੀ ਬੇਟੀ ਪ੍ਰਿਯਾ ਰਾਗ ਅਤੇ ਬੇਟਾ ਉਦੈਰਾਗ ਸਿੰਘ ਵੀ ਰੰਗਮੰਚ ਨਾਲ ਜੁੜ੍ਹੇ ਹੋਏ ਹਨ। ਰੰਜੀਵਨ ਦਾ ਬੇਟਾ ਰਿਸ਼ਮ ਰਾਗ ਸਿੰਘ, ਜੋ ਹਾਈ ਕੋਰਟ ਦਾ ਵਕੀਲ ਹੈ। ਵੀ ਰੰਗਮੰਚ ਅਤੇ ਗੀਤਕਾਰੀ ਦੇ ਖੇਤਰ ਵਿਚ ਕਾਰਜਸ਼ੀਲ ਹੈ। ਅਜਿਹੇ ਸਾਹਿਤਕ ਪਰਿਵਾਰ ਦੀਆਂ ਅੱਜ ਸਾਡੇ ਕੋਲ਼ ਕਿੰਨੀਆਂ ਕੁ ਉਦਾਹਰਨਾਂ ਹੋਣਗੀਆਂ ਜੋ ਰਹਿ ਵੀ ਮੁਹਾਲੀ ਵਿਖੇ ਇੱਕੋ ਛੱਤ ਥੱਲੇ ਹਨ। ਮੇਰੀ ਨਿਗ੍ਹਾ ਵਿੱਚ ਅਜਿਹੀ ਕੋਈ ਉਦਾਹਰਨ ਨਹੀਂ ਆਈ। ਹੋ ਸਕਦੈ ਕਿ ਮੇਰਾ ਦਾਇਰਾ ਹੀ ਇੰਨਾ ਵਸੀਹ ਨਾ ਹੋਵੇ।

ਪਿਓ ਪੁੱਤ ਦੀਆਂ ਕਿਤਾਬਾਂ ਦਾ ਇਕੱਠੀਆਂ ਲੋਕ-ਅਰਪਣ ਆਮ ਵਰਤਾਰਾ ਨਹੀਂ ਸ਼ੁੱਭ ਸ਼ਗਨ ਅਤੇ ਅਨੋਖਾ ਸਬੱਬ ਹੈ । ਸੰਜੀਵਨ ਨੇ ਜਿੱਥੇ ਨਾਟਕ ਖੇਤਰ ਵਿੱਚ ਆਪਣਾ ਵੱਖਰਾ ਮੁਕਾਮ ਹਾਸਲ ਕੀਤਾ ਹੈ, ਉੱਥੇ ਰਿਪੁਦਮਨ ਸਿੰਘ ਰੂਪ ਨੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਉੱਤੇ ਆਪਣੀ ਕਲਮ ਦਾ ਸਿੱਕਾ ਮਨਵਾਇਆ ਹੈ। ਉਨ੍ਹਾਂ ਦੀਆਂ ਜ਼ਿਆਦਾ ਰਚਨਾਵਾਂ ਹੱਡੀਂ ਹੰਢਾਏ ਦਰਦ ਬਿਆਨ ਕਰਦੀਆਂ ਹਨ। ਇਸੇ ਲਈ ਉਹ ਹਰੇਕ ਨੂੰ ਆਪਣੀਆਂ ਭਾਸਦੀਆਂ ਹਨ। ਇਹ ਵੀ ਇੱਕ ਮੌਕਾ ਮੇਲ ਹੀ ਹੋ ਸਕਦਾ ਹੈ ਕਿ ਦੋਵੇਂ ਪਿਓ ਪੁੱਤ ਸਾਹਿਤਕਾਰਾਂ ਦੀਆਂ ਕਿਤਾਬਾਂ ਦਾ ਪਹਿਲਾ ਅੱਖਰ 'ਖ' ਹੈ। ਰੂਪ ਹੋਰਾਂ ਦੀ ਕਿਤਾਬ ਖੁਰਪਾ ਅਤੇ ਸੰਜੀਵਨ ਦੀ ਨਾਟ-ਪੁਸਕਤ ਖੁਸਰੇ । ਅਤੇ 'ਖ' ਨਾ਼ਲ ਹੀ ਸ਼ਬਦ 'ਖ਼ੂਬਸੂਰਤੀ' ਬਣਦਾ ਹੈ, ਜੋ ਕਿ ਦੋਵੇਂ ਆਪੋ ਆਪਣੇ ਖੇਤਰ ਵਿੱਚ ਲਿਆ ਰਹੇ ਹਨ ਅਤੇ ਆਪਣੀਆਂ ਕਿਰਤਾਂ ਰਾਹੀਂ ਸਮਾਜ ਵਿੱਚ ਪਿਆ ਗੰਦ ਸਾਫ਼ ਕਰ ਰਹੇ ਹਨ ।

ਪਿਓ-ਪੁੱਤ ਦੀਆਂ ਪੁਸਤਕਾਂ ਰਿਪੁਦਮਨ ਸਿੰਘ ਰੂਪ ਦੀ ਲਘੂ ਕਹਾਣੀਆਂ ਦੀ ਪੁਸਤਕ 'ਖੁਰਪਾ' ਅਤੇ ਸੰਜੀਵਨ ਸਿੰਘ ਦਾ ਨਾਟ-ਪੁਸਤਕ 'ਖੁਸਰੇ' ਦਾ ਲੋਕ-ਅਰਪਣ ਬੁੱਧੀਜੀਵੀਆਂ, ਚਿੰਤਕਾਂ, ਕਲਾਕਾਰਾਂ ਅਤੇ ਰੰਗਕਰਮੀਆਂ ਦੀ ਸ਼ਮੂਲੀਅਤ ਵਿਚ ਹੋਇਆ ਹੈ।

*-ਰਾਬਿੰਦਰ ਸਿੰਘ ਰੱਬੀ*
*20, ਮਾਤਾ ਗੁਜਰੀ ਇਨਕਲੇਵ,*
*ਮੋਰਿੰਡਾ 140101 ਰੂਪਨਗਰ*
*8968946129*

# ਖ਼ੂਨ ਦੇ ਰਿਸ਼ਤੇ ਤਾਂ ਕੱਚੇ ਹੁੰਦੇ ਨੇ

ਅਮਰਜੀਤ ਸਿੰਘ ਹੇਅਰ

ਕਿਸੇ ਵੇਲੇ ਕਿਹਾ ਜਾਂਦਾ ਸੀ ਕਿ ਖ਼ੂਨ ਦੇ ਰਿਸ਼ਤੇ ਕਦੇ ਟੁੱਟਦੇ ਨਹੀਂ। ਇਹ ਬੜੇ ਪੱਕੇ ਹੁੰਦੇ ਹਨ, ਪਰ ਅੱਜ ਜਦ ਮੈਂ ਆਲੇ ਦੁਆਲੇ ਝਾਤੀ ਮਾਰਦਾ ਹਾਂ ਤਾਂ ਦੇਖਦਾ ਹਾਂ ਕਿ ਇਹ ਤਾਂ ਕੱਚ ਤੋਂ ਵੀ ਕੱਚੇ ਹੁੰਦੇ ਹਨ। ਇਨ੍ਹਾਂ ਵਿੱਚ ਤਰੇੜਾਂ ਹੀ ਨਹੀਂ ਪੈਂਦੀਆਂ, ਇਹ ਤੜੱਕ ਕਰ ਕੇ ਟੁੱਟਦੇ ਤੇ ਕੀਚਰ-ਕੀਚਰ ਹੋ ਜਾਂਦੇ ਹਨ। ਕਿਸੇ ਵੇਲੇ ਪੰਜਾਬੀ ਭਾਈਚਾਰੇ ਵਿੱਚ ਭਰਾਵਾਂ ਵਿੱਚ ਬਹੁਤ ਪਿਆਰ ਹੁੰਦਾ ਸੀ। ਵਾਰਿਸ਼ ਸ਼ਾਹ ਆਪਣੇ ਹੀਰ ਦੇ ਕਿੱਸੇ ਵਿੱਚ ਲਿਖਦਾ ਹੈ, "ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ ਤੇ ਭਾਈਆਂ ਬਾਝ ਬਹਾਰ ਨਾਹੀਂ। ਭਾਈ ਮਰਨ ਤਾਂ ਪੈਂਦੀਆਂ ਭਜ ਬਾਹੀਂ, ਬਿਨਾਂ ਭਾਈਆਂ ਪਰ ਹੈ ਪਰਵਾਜ਼ ਨਾਹੀਂ।" ਪੀਲੂ ਮਿਰਜ਼ੇ ਦੀ ਮੌਤ ਉੱਤੇ ਦੁੱਖ ਦਾ ਪ੍ਰਗਟਾਵਾ ਹੀ ਨਹੀਂ ਕਰਦਾ, ਉਸ ਨੂੰ ਦੁੱਖ ਹੈ ਕਿ ਸਾਹਿਬਾਂ ਦੇ ਭਰਾਵਾਂ ਨੇ ਰਲ ਕੇ ਉਸ ਨੂੰ ਮਾਰਿਆ, "ਮਿਰਜ਼ਾ ਬਾਝ ਭਰਾਵਾਂ ਦੇ ਮਰਿਆ ਕੋਈ ਨਾ ਉਸ ਦੇ ਸੰਗ।" ਅੱਜ ਮੈਂ ਇਹ ਦੇਖਦਾ ਹਾਂ ਕਿ ਜਾਇਦਾਦ ਪਿੱਛੇ ਭਾਈ-ਭਾਈ ਦਾ ਸਿਰ ਵੱਢ ਦਿੰਦਾ ਹੈ। ਉਸ ਨੂੰ ਭਾਈ ਤੋਂ ਜਾਇਦਾਦ ਜ਼ਿਆਦਾ ਪਿਆਰੀ ਹੈ। ਇਹ ਸਭ ਕੁਝ ਦੇਖ ਕੇ ਮੇਰਾ ਖ਼ੂਨ ਦੇ ਰਿਸ਼ਤਿਆਂ ਤੋਂ ਯਕੀਨ ਉਠ ਗਿਆ ਹੈ।

ਇਸ ਦੇ ਉਲਟ ਆਪ ਬਣਾਏ ਹੋਏ ਦਿਲਾਂ ਦੇ ਰਿਸ਼ਤਿਆਂ ਵਿੱਚ ਸਿਰਫ ਅਥਾਹ ਪਿਆਰ ਹੀ ਨਹੀਂ ਹੁੰਦਾ ਸਗੋਂ ਇਹ ਚੱਲਦੇ ਹਨ। ਕਈ ਵਾਰੀ ਇੱਕ ਧਿਰ ਦੀ ਮੌਤ ਪਿੱਛੋਂ ਵੀ ਭੁੱਲਦੇ ਨਹੀਂ। ਕਿਸੇ ਵੇਲੇ ਸਾਡੇ ਸਭਿਆਚਾਰ ਵਿੱਚ ਪੱਗ ਵੱਟ ਭਾਈ ਅਤੇ ਰੱਖੜੀ ਬੰਨ੍ਹ ਭੈਣ ਦੀ ਪਰੰਪਰਾ ਸੀ। ਇਹ ਰਿਸ਼ਤੇ ਆਪ ਬਣਾਏ ਜਾਂਦੇ ਸਨ। ਮੈਂ ਜਦ ਆਪਣੀ ਜ਼ਿੰਦਗੀ ਉੱਤੇ ਝਾਤ ਮਾਰਦਾ ਹਾਂ ਤਾਂ ਮੈਂ ਅਜਿਹੇ ਦੋ ਰਿਸ਼ਤੇ ਬਣਾਏ, ਜਿਨ੍ਹਾਂ ਨੇ ਮੇਰੀ ਰੂਹ ਖੁਸ਼ ਕਰ ਦਿੱਤੀ। 1947 ਵਿੱਚ ਮੈਂ ਅੱਠਵੀਂ ਵਿੱਚ ਮਿਡਲ ਸਕੂਲ ਮਲ੍ਹੇ ਵਿੱਚ ਪੜ੍ਹਦਾ ਸੀ। ਫਰਵਰੀ 1947 ਵਿੱਚ ਸਾਡੇ ਵਰਨੈਕੂਲਰ ਫਾਈਨਲ ਦੇ ਇਮਤਿਹਾਨ ਲਈ ਅਸੀਂ ਜਗਰਾਓਂ ਗਏ। ਸਾਡੇ ਨਾਲ ਸਾਡੇ ਕਲਾਸ ਇੰਚਾਰਜ ਮਾਸਟਰ ਜ਼ਫਰ ਹੁਸੈਨ ਗਏ। ਅਸੀਂ 23 ਵਿਦਿਆਰਥੀ ਸਾਂ ਅਤੇ ਸਾਡਾ ਸ਼ਹਿਰ ਵਿੱਚ ਰਹਿਣ ਦਾ ਪਹਿਲਾ ਮੌਕਾ ਸੀ। ਅਸੀਂ ਘਰਦਿਆਂ ਤੋਂ ਵੱਧ ਤੋਂ ਵੱਧ ਪੈਸੇ ਲੈ ਕੇ ਗਏ। ਮਾਸਟਰ ਨੇ ਪਹਿਲੇ ਦਿਨ ਹੀ ਸਾਨੂੰ ਕੁਰਾਨ, ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਖਵਾਈ ਅਤੇ ਕਿਹਾ, "ਜਿਹੜੇ ਪੈਸੇ ਥੋਡੇ ਕੋਲ ਹਨ, ਮੇਰੇ ਪਾਸ ਜਮ੍ਹਾਂ ਕਰਵਾ ਦਿਓ। ਮੈਂ ਚਾਹੁੰਦਾ ਹਾਂ ਕਿ ਤੁਸੀਂ ਪੂਰੀ ਲਗਨ ਨਾਲ ਇਮਤਿਹਾਨ ਦੇਵੋ। ਏਧਰ-ਓਧਰ ਬਾਜ਼ਾਰ ਵਿਚ ਨਾ ਘੁੰਮਦੇ ਫਿਰੋ।" ਸਾਡੇ ਮੁੰਡਿਆਂ ਨੇ ਇਮਾਨਦਾਰੀ ਨਾਲ ਪੈਸੇ ਮਾਸਟਰ ਜੀ ਨੂੰ ਫੜਾ ਦਿੱਤੇ, ਇਸ ਉਮੀਦ ਵਿੱਚ ਕਿ ਇਮਤਿਹਾਨ ਪਿੱਛੋਂ ਸਾਨੂੰ ਮੋੜ ਦੇਊਗਾ।

ਮੇਰਾ ਜਮਾਤੀ ਤੇ ਆੜੀ ਅਬਦੁੱਲਾ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਕੁਰਾਨ ਦੀ ਕਸਮ ਖਾਧੀ ਹੀ ਨਹੀਂ ਤੇ ਦੋ ਰੁਪਏ ਆਪਣੇ ਕੋਲ ਰੱਖ ਲਏ। ਦੁਪਹਿਰ ਪਿੱਛੋਂ ਮੈਂ ਤੇ ਅਬਦੁੱਲਾ ਸ਼ਹਿਰ ਵਿੱਚ ਜਾ ਵੜੇ। ਅਸੀਂ ਜਲੇਬੀਆਂ ਖਾਧੀਆਂ, ਪਤੌੜ ਖਾਧੇ, ਪੱਗਾਂ ਨੂੰ ਮਾਵਾ ਦਿਵਾਇਆ, ਰੰਗ ਕਰਵਾਇਆ ਤੇ ਪੱਗਾਂ ਬੰਨ੍ਹ ਲਈਆਂ। ਆਥਣੇ ਜਦ ਮਾਸਟਰ ਦੀ ਹਾਜ਼ਰੀ ਵਿੱਚ ਅਸੀਂ ਪੜ੍ਹਨ ਬੈਠੇ ਤਾਂ ਮਾਸਟਰ ਨੇ ਮੇਰੇ ਵੱਲ ਦੇਖ ਕੇ ਕਿਹਾ, "ਓਏ ਤੇਰੇ ਸਵੇਰੇ ਹੋਰ ਰੰਗ ਦੀ ਪੱਗ ਸੀ, ਇਸ ਦਾ ਰੰਗ ਕਿਵੇਂ ਬਦਲ ਗਿਆ?" ਮੈਂ ਕਿਹਾ, "ਮਾਸਟਰ ਜੀ, ਮੈਂ ਅਬਦੁੱਲੇ ਨਾਲ ਵਟਾ ਲਈ।" ਮਾਸਟਰ ਨੂੰ ਮੇਰੇ ਨਾਲ ਵੈਸੇ ਹੀ ਖੁੰਦਕ ਸੀ। ਉਸ ਨੇ ਮੇਰੀ ਛਤਰੌਲ ਕੀਤੀ। ਉਸ ਸਾਲ ਅਗਸਤ ਵਿੱਚ ਪਾਕਿਸਤਾਨ ਬਣ ਗਿਆ। ਮੁਸਲਮਾਨ ਓਥੇ ਚਲੇ ਗਏ। ਮੈਂ ਅਬਦੁੱਲੇ ਨੂੰ ਕਦੇ ਨਹੀਂ ਭੁੱਲਿਆ। ਦੋ ਦੇਸ਼ਾਂ ਦੀ ਦੁਸ਼ਮਣੀ ਤੇ ਦੋ ਮਾਸੂਮਾਂ ਦੀ ਬੇਲਾਗ ਦੋਸਤੀ ਵੀ ਬਲੀ ਚੜ੍ਹ ਗਈ। ਮੇਰੀ ਬੇਟੀ ਜ਼ੋਇਆ ਅਮਰੀਕਾ ਦੇ ਸ਼ਹਿਰ ਹਿਊਸਟਨ ਵਿੱਚ ਰਹਿੰਦੀ ਹੈ। ਮੈਂ 1992 ਵਿੱਚ ਉਸ ਨੂੰ ਮਿਲਣ ਉਥੇ ਗਿਆ। ਉਹ ਸ਼ਿਅਰੋ-ਸ਼ਾਇਰੀ ਦੀ ਸ਼ੌਕੀਨ ਹੈ। 14 ਅਗਸਤ ਨੂੰ ਪਕਿਸਤਾਨ ਦੀ ਗੋਲਡਨ ਜੁਬਲੀ ਦੀ ਖੁਸ਼ੀ ਵਿੱਚ ਹਿੰਦ-ਪਾਕਿ ਮੁਸ਼ਾਇਰਾ ਸੀ। ਮੈਨੂੰ ਵੀ ਨਾਲ ਲੈ ਗਈ। ਮੁਸ਼ਾਇਰਾ ਖਤਮ ਹੋਣ ਉੱਤੇ ਇੱਕ ਬੀਬੀ ਮੈਨੂੰ ਆਖਣ ਲੱਗੀ, "ਭਰਾ ਜੀ, ਕਿੱਥੋਂ ਆਏ ਹੋ?" ਮੈਂ ਜਵਾਬ ਦਿੱਤਾ, "ਲੁਧਿਆਣੇ ਤੋਂ।" ਉਹ ਕਹਿਣ ਲੱਗੀ, "ਮੈਂ 1944 ਵਿੱਚ ਲੁਧਿਆਣੇ ਜੰਮੀ ਸੀ।" ਉਸ ਨੇ ਮੇਰੀ ਬੇਟੀ ਤੋਂ ਉਸ ਦਾ ਨੰਬਰ ਲੈ ਲਿਆ ਅਤੇ ਰੱਖੜੀ ਉੱਤੇ ਉਹ ਰੱਖੜੀ ਲੈ ਕੇ ਸਾਡੇ ਕੋਲ ਆ ਗਈ। ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਮੁਸਲਮਾਨ ਹੋ, ਤੁਹਾਨੂੰ ਰੱਖੜੀ ਬਾਰੇ ਕਿਵੇਂ ਪਤਾ ਲੱਗਾ ਤਾਂ ਉਸ ਨੇ ਕਿਹਾ ਕਿ ਇੱਕ ਭਾਰਤੀ ਸਟੋਰ ਉੱਤੇ ਹਿੰਦੂ ਔਰਤਾਂ ਨੂੰ ਰੱਖੜੀਆਂ ਖਰੀਦਦੇ ਦੇਖਿਆ ਤਾਂ ਮੈਂ ਵੀ ਤੁਹਾਡੇ ਲਈ ਰੱਖੜੀ ਖਰੀਦ ਲਈ।

ਅਗਲੇ ਸਾਲ ਉਹ ਲੁਧਿਆਣੇ ਆਈ ਤੇ ਸਾਡੇ ਨਾਲ ਇੱਕ ਹਫਤਾ ਰਹੀ। ਚੰਡੀਗੜ੍ਹ ਗਈ ਤਾਂ ਸਾਡੇ ਪਿੰਡ ਵੀ ਗਈ। ਵੱਡੀ ਗੱਲ ਇਹ ਕਿ ਅਸੀਂ ਉਸ ਦਾ ਘਰ ਵੀ ਲੱਭ ਲਿਆ। ਉਸ ਵਿੱਚ ਲਹਿੰਦੇ ਪੰਜਾਬ ਤੋਂ ਆਇਆ ਹੋਇਆ ਇੱਕ ਸਿੱਖ ਪਰਵਾਰ ਰਹਿ ਰਿਹਾ ਸੀ। ਮੇਰਾ ਪੁੱਤ ਇੱਕ ਵੱਡਾ ਅਫਸਰ ਹੈ ਤੇ ਉਸ ਨੇ ਆਪਣੇ ਰਸੂਖ ਨਾਲ ਉਸ ਦਾ ਕਾਰਪੋਰੇਸ਼ਨ ਦੇ ਰਿਕਾਰਡ ਤੋਂ ਜਨਮ ਸਰਟੀਫਿਕੇਟ ਕਢਵਾ ਲਿਆ ਜਿਸ ਵਿੱਚ ਉਸ ਦਾ ਨਾਂਅ ਸ਼ਮੀਮ ਅਖਤਰ ਲਿਖਿਆ ਹੋਇਆ ਹੈ ਅਤੇ ਜਨਮ ਤਰੀਕ 23 ਮਾਰਚ 1944 ਦਰਜ ਹੈ। ਪਾਕਿਸਤਾਨ ਜਾਣ ਤੋਂ ਪਹਿਲਾਂ ਉਹ ਸਾਡੇ ਨਾਲ ਦਰਬਾਰ ਸਾਹਿਬ ਵੀ ਗਈ। ਸੰਨ 2008 ਵਿੱਚ ਚੰਗੇ ਭਾਗੀਂ ਮੈਨੂੰ ਪਾਕਿਸਤਾਨ ਦਾ ਵੀਜ਼ਾ ਮਿਲ ਗਿਆ।

ਮੇਰੀ ਇੱਛਾ ਕਸੂਰ ਵਿੱਚ ਬਾਬਾ ਬੁੱਲ੍ਹੇ ਸ਼ਾਹ ਦੇ ਮਜ਼ਾਰ ਦੀ ਜ਼ਿਆਰਤ ਕਰਨ ਦੀ ਸੀ। ਇਤਫਾਕਨ ਸ਼ਮੀਮ ਵੀ ਪਾਕਿਸਤਾਨ ਆਈ ਹੋਈ ਸੀ। ਉਸ ਦਾ ਪਰਵਾਰ ਗੁਜਰਾਤ ਰਹਿੰਦਾ ਹੈ, ਪਰ ਉਹ ਲਾਹੌਰ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਆਈ ਸੀ। ਸਾਨੂੰ ਕਾਫੀ ਵਕਤ ਇਕੱਠੇ ਰਹਿਣ ਨੂੰ ਮਿਲ ਗਿਆ। ਲਾਹੌਰ ਸ਼ਹਿਰ ਦੀ ਆਪਣੀ ਵਿਲੱਖਣ ਪਛਾਣ ਹੈ। ਸ਼ਮੀਮ ਨੂੰ ਉਥੇ ਮਿਲ ਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਕੁਝ ਕਿਤਾਬਾਂ ਖਰੀਦੀਆਂ ਜੋ ਸ਼ਾਹਮੁਖੀ ਵਿੱਚ ਸਨ। ਸ਼ਮੀਮ ਨੇ ਮੈਨੂੰ ਪੈਸੇ ਨਹੀਂ ਦੇਣ ਦਿੱਤੇ। ਅਸੀਂ ਚੰਗੇ ਰੈਸਟੋਰੈਂਟ ਵਿੱਚ ਖਾਣਾ ਖਾਧਾ। ਉਸ ਨੇ ਮੈਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਵਾਇਆ ਅਤੇ ਕਿਹਾ ਕਿ ਇਹ ਮੇਰਾ ਵੱਡਾ ਵੀਰ ਹੈ। ਉਨ੍ਹਾਂ ਨੂੰ ਹੈਰਾਨੀ ਹੋਈ ਕਿ ਸ਼ਮੀਮ ਦਾ ਭਰਾ ਸਿੱਖ ਹੈ। ਇਨ੍ਹਾਂ ਰਿਸ਼ਤਿਆਂ ਉੱਤੇ ਜਾਤ-ਪਾਤ ਜਾਂ ਕੌਮੀਅਤ ਦਾ ਕੋਈ ਮਾਅਨਾ ਨਹੀਂ ਹੁੰਦਾ, ਰੂਹਾਨੀ ਸਕੂਨ ਮਿਲਦਾ ਹੈ। ਇਸ ਸਾਲ ਵੀ ਸ਼ਮੀਮ ਨੇ ਮੈਨੂੰ ਰੱਖੜੀ ਭੇਜੀ, ਜਿਸ ਵਿੱਚੋਂ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਸੀ। ਉਹ ਮੈਨੂੰ ਹਮੇਸ਼ਾ ਮੇਰੇ ਜਨਮ ਦਿਨ ਉੱਤੇ ਪਿਆਰ ਭਰਿਆ ਸੁਨੇਹਾ ਭੇਜਦੀ ਹੈ। ਹਰ ਮਹੀਨੇ ਘੱਟੋ-ਘੱਟ ਇੱਕ ਵਾਰੀ ਜ਼ਰੂਰ ਟੈਲੀਫੋਨ ਕਰ ਕੇ ਹਾਲ ਪੁੱਛਦੀ ਹੈ। ਇਸ ਸਾਲ ਮੈਂ ਗੰਭੀਰ ਮਰਜ਼ ਦੀ ਮਰੀਜ਼ ਬਣ ਗਿਆ। ਮੇਰੀ ਚੰਗੀ ਸਿਹਤ ਲਈ ਉਸ ਨੇ ਰੱਬ ਤੋਂ ਬਹੁਤ ਦੁਆਵਾਂ ਮੰਗੀਆਂ। ਮੈਨੂੰ ਭਰੋਸਾ ਹੈ ਕਿ ਇਨ੍ਹਾਂ ਦੁਆਵਾਂ ਸਦਕਾ ਮੇਰੀ ਸਿਹਤ ਠੀਕ ਹੋ ਗਈ। ਉਸ ਦੀ ਮੈਨੂੰ ਮਿਲਣ ਦੀ ਤੀਬਰ ਇੱਛਾ ਹੈ।

ਬੜੇ ਅਫਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਉਸ ਨੂੰ ਵੀਜ਼ਾ ਨਹੀਂ ਮਿਲ ਰਿਹਾ। ਉਸ ਨੇ ਵਾਸਤਾ ਪਾਇਆ ਕਿ ਉਹ ਅਣਵੰਡੇ ਹਿੰਦੁਸਤਾਨ ਵਿੱਚ ਲੁਧਿਆਣੇ ਦੀ ਜੰਮੀ ਹੈ ਅਤੇ ਆਪਣੇ ਭਰਾ ਨੂੰ ਮਿਲਣਾ ਚਾਹੁੰਦੀ ਅਤੇ ਆਪਣੇ ਵੱਡੇ-ਵੱਡਿਆਂ ਦੀਆਂ ਕਬਰਾਂ ਉੱਤੇ ਫਾਤਿਹਾ ਪੜ੍ਹਨਾ ਚਾਹੁੰਦੀ ਹੈ। ਅਫਸੋਸ! ਹਕੂਮਤਾਂ ਵਿਅਕਤੀਆਂ ਦੇ ਜਜ਼ਬਿਆਂ ਦਾ ਖਿਆਲ ਨਹੀਂ ਕਰਦੀਆਂ। ਮੇਰੇ ਕੋਈ ਸਕੀ ਭੈਣ ਨਹੀਂ ਸੀ ਅਤੇ ਉਸ ਦਾ ਕੋਈ ਭਰਾ ਨਹੀਂ ਸੀ। ਮੈਂ ਆਪਣੇ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਆਪ ਬਣਾਏ ਰਿਸ਼ਤੇ ਪੱਕੇ ਹੁੰਦੇ ਹਨ, ਪਰ ਖ਼ੂਨ ਦੇ ਰਿਸ਼ਤੇ ਕੱਚੇ ਹੁੰਦੇ ਹਨ।




# ਅਗਸਤ ਤੋਂ 317 ਸਾਬਕਾ ਵਿਧਾਇਕਾਂ ਨੂੰ ਇੱਕੋ ਪੈਨਸ਼ਨ ਮਿਲੇਗੀ

*** ਪੰਜਾਬ ਸਰਕਾਰ ਦੇ ਨਵੇਂ ਫੈਸਲੇ ਦਾ ਅਸਰ * 10 ਅਗਸਤ ਤਕ ਹੀ ਪੁਰਾਣੀ ਪੈਨਸ਼ਨ ਦਾ ਲਾਭ ਮਿਲੇਗਾ * ਸਾਲਾਨਾ 19 ਕਰੋੜ ਰੁਪਏ ਦੀ ਬੱਚਤ**

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ 317 ਸਾਬਕਾ ਵਿਧਾਇਕਾਂ ਨੂੰ ਭਵਿੱਖ ਵਿੱਚ ਸਿਰਫ ਇੱਕ ਹੀ ਪੈਨਸ਼ਨ ਮਿਲੇਗੀ। ਪੰਜਾਬ ਸਰਕਾਰ ਨੇ ਬੇਸ਼ੱਕ ਇੱਕ ਵਿਧਾਇਕ ਇੱਕ ਪੈਨਸ਼ਨ ਕਾਨੂੰਨ ਬਣਾ ਕੇ ਪੰਜਾਬ ਉੱਤੇ ਪੈਣ ਵਾਲੇ ਵਿੱਤੀ ਬੋਝ ਨੂੰ ਘੱਟ ਕੀਤਾ ਹੋਵੇ, ਪਰ ਹਕੀਕਤ ਇਹ ਵੀ ਹੈ ਕਿ 16ਵੀਂ ਵਿਧਾਨ ਸਭਾ ਵਿੱਚ ਸਭ ਤੋਂ ਵੱਧ ਨਵੇਂ ਵਿਧਾਇਕ ਚੁਣ ਕੇ ਆਏ ਹਨ, ਹਾਰੇ ਹੋਏ ਵਿਧਾਇਕਾਂ ਕਾਰਨ ਸਾਬਕਾ ਵਿਧਾਇਕਾਂ ਦੀ ਗਿਣਤੀ ਵਧ ਜਾਣ ਕਰ ਕੇ ਪੈਨਸ਼ਨ ਦਾ ਬੋਝ ਵੀ ਵਧੇਗਾ। ਸਰਕਾਰ ਨੇ 11 ਅਗਸਤ ਨੂੰ ਨਵੇਂ ਕਾਨੂੰਨ ਹੇਠ ਪੈਨਸ਼ਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ, ਇਸ ਲਈ ਸਾਬਕਾ ਵਿਧਾਇਕਾਂ ਨੂੰ 10 ਅਗਸਤ ਤਕ ਪੁਰਾਣੀ ਪੈਨਸ਼ਨ ਦਾ ਲਾਭ ਮਿਲੇਗਾ, ਪਰ 11 ਅਗਸਤ ਮਗਰੋਂ ਉਨ੍ਹਾਂ ਨੂੰ ਇੱਕ ਹੀ ਪੈਨਸ਼ਨ ਦਿੱਤੀ ਜਾਵੇਗੀ, ਵਾਧੂ ਟਰਮਾਂ ਦੀ ਪੈਨਸ਼ਨ ਨਹੀਂ ਮਿਲ ਸਕੇਗੀ।



ਵਰਨਣ ਯੋਗ ਹੈ ਕਿ 15ਵੀਂ ਵਿਧਾਨ ਸਭਾ ਤਕ ਪੰਜਾਬ ਦੇ ਸਾਬਕਾ ਵਿਧਾਇਕਾਂ ਦੀ ਕੁੱਲ ਗਿਣਤੀ 239 ਵਿੱਚੋਂ ਤਿੰਨਾਂ ਦੀ ਪਿਛਲੇ ਦਿਨੀਂ ਮੌਤ ਹੋਣ ਤੋਂ ਬਾਅਦ ਇਹ ਗਿਣਤੀ 236 ਰਹਿ ਗਈ ਸੀ। ਅੱਗੋਂ ਇਸ ਵਿੱਚਐਤਕੀਂ ਹਾਰੇ 81 ਸਾਬਕਾ ਵਿਧਾਇਕ ਵੀ ਜੁੜ ਗਏ ਹਨ। ਸਾਲ 2022 ਦੀਆਂ ਚੋਣਾਂ ਵਿੱਚ ਕਈ ਸੀਨੀਅਰ ਨੇਤਾ ਅਸੈਂਬਲੀ ਦੀਆਂ ਪੌੜੀਆਂ ਨਹੀਂ ਚੜ੍ਹ ਸਕੇ।15ਵੀਂ ਵਿਧਾਨ ਸਭਾ ਤਕ ਪਹਿਲੀ ਵਾਰ ਚੁਣੇ ਗਏ ਵਿਧਾਇਕ ਨੂੰ 75000 ਰੁਪਏ ਪੈਨਸ਼ਨ ਮਿਲਦੀ ਸੀ, ਇਸ ਤੋਂ ਬਾਅਦ ਜਿੰਨੀ ਵਾਰ ਵਿਧਾਇਕ ਜਿੱਤਦਾ ਸੀ, ਉਸ ਦੀ ਪੈਨਸ਼ਨ ਵਿੱਚ ਹਰ ਵਰਾਰੀ 50,000 ਰੁਪਏ ਵਾਧਾ ਹੁੰਦਾ ਜਾਂਦਾ ਸੀ। ਪੈਨਸ਼ਨ ਓਦੋਂ ਹੀ ਮਿਲਦੀ ਸੀ, ਜੇ ਉਹ ਹਾਰ ਜਾਂਦਾ ਸੀ।

ਨਵੀਂ ਪੰਜਾਬ ਸਰਕਾਰ ਨੇ ਇੱਕ ਵਿਧਾਇਕ ਇੱਕ ਪੈਨਸ਼ਨ ਦਾ ਬਿੱਲ ਜੂਨ 2022 ਵਿੱਚ ਵਿਧਾਨ ਸਭਾ ਵਿੱਚ ਪਾਸ ਕਰਵਾਇਆ ਸੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਾਅਵਾ ਹੈ ਕਿ ਨਵਾਂ ਕਾਨੂੰਨ ਲਾਗੂ ਹੋਣ ਨਾਲ 19 ਕਰੋੜ ਰੁਪਏ ਸਾਲਾਨਾ ਬਚਤ ਹੋਵੇਗੀ। ਵਿਧਾਇਕਾਂ ਦੀ ਪੈਨਸ਼ਨ ਵਿਚ 1800 ਰੁਪਏ ਦਾ ਵਾਧਾ ਵੀ ਹੋਇਆ ਹੈ। ਇਸ ਕਾਰਨ ਸਾਬਕਾ ਵਿਧਾਇਕਾਂ ਨੂੰ ਹਰ ਮਹੀਨੇ 75000 ਰੁਪਏ ਦੀ ਥਾਂ 76,800 ਰੁਪਏ ਮਿਲਣਗੇ ਅਤੇ ਸਰਕਾਰ ਉੱਤੇ ਸਾਬਕਾ ਵਿਧਾਇਕਾਂ ਦੀ ਪੈਨਸ਼ਨ ਦਾ ਪ੍ਰਤੀ ਮਹੀਨਾ 2.45 ਕਰੋੜ ਤੇ ਸਾਲਾਨਾ 29.30 ਕਰੋੜ ਰੁਪਏ ਬੋਝ ਪਵੇਗਾ। ਵਿਧਾਨ ਸਭਾ ਦੇ ਨਿਯਮਾਂ ਮੁਤਾ-ਬਕ ਸਾਬਕਾ ਵਿਧਾਇਕ ਦੀ ਉਮਰ 65 ਸਾਲ, 75 ਸਾਲ ਅਤੇ ਅੱਸੀ ਸਾਲ ਹੋਣ ਉੱਤੇ ਪੰਜ ਫੀਸਦੀ ਵਾਧੂ ਪੈਨਸ਼ਨ ਮਿਲਦੀ ਹੈ। ਕੁੱਲ 317 ਵਿੱਚੋਂ ਵੱਡੀ ਗਿਣਤੀ ਵਿੱਚ ਵਿਧਾਇਕਾਂ ਦੀ ਉਮਰ 65 ਸਾਲ ਤੋਂ ਉਪਰ ਹੈ।

# ਮੂਸੇਵਾਲਾ ਦੇ ਪਿਤਾ ਵੱਲੋਂ ਸਰਕਾਰ ਨੂੰ ਕਾਰਵਾਈ ਲਈ ਇੱਕ ਹਫਤੇ ਦਾ ਅਲਟੀਮੇਟਮ

ਮਾਨਸਾ, 22 ਅਗਸਤ (ਪੋਸਟ ਬਿਊਰੋ)- ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿੱਚ ਪੁਲਸ ਨੇ ਭਾਵੇਂ ਛੇ ਵਿੱਚੋਂ ਪੰਜ ਸ਼ੂਟਰਾਂ ਸਮੇਤ ਕਈ ਹੋਰ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ, ਪਰ ਹਾਲੇ ਤਕ ਇਨਸਾਫ ਨਾ ਮਿਲਣ ਉੱਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਇੱਕ ਹਫਤੇ ਦੀ ਮੋਹਲਤ ਦਿੱਤੀ ਤੇ ਇਸ ਮਗਰੋਂ ਇਨਸਾਫ ਖਾਤਰ ਸੜਕਾਂ ਉੱਤੇ ਉਤਰਨ ਦਾ ਐਲਾਨ ਕੀਤਾ ਹੈ।

ਕੱਲ੍ਹ ਪਿੰਡ ਮੂਸੇ ਵਿੱਚ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਤੋਂ ਨਿਆਂ ਦੀ ਆਸ ਕਰਦਿਆਂ ਬਹੁਤ ਸਮਾਂ ਬੀਤ ਗਿਆ, ਪਰ ਪੁੱਤ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਲੋਕਾਂ ਦੇ ਸਹਿਯੋਗ ਨਾਲ ਸੜਕਾਂ ਉੱਤੇ ਉਤਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਉੱਤੇ ਗੋਲੀਆਂ ਚਲਾਉਣ ਵਾਲੇ ਹੀ ਦੋਸ਼ੀ ਨਹੀਂ, ਉਨ੍ਹਾਂ ਨੂੰ ਸ਼ਹਿ ਦੇਣ ਵਾਲੇ ਵੀ



ਬਰਾਬਰ ਦੇ ਜ਼ਿੰਮੇਵਾਰ ਹਨ। ਬਲਕੌਰ ਸਿੰਘ ਨੇ ਕਿਹਾ ਕਿ ਸਿੱਧੂ ਨੂੰ ਮਾਰਨ ਲਈ ਵਰਤੇ ਹਥਿਆਰ ਖਰੀਦ ਕੇ ਦੇਣ ਵਾਲਿਆਂ ਅਤੇ ਕਾਤਲਾਂ ਨੂੰ ਪੈਸੇ ਦੇਣ ਵਾਲਿਆਂ ਉੱਤੇ ਵੀ ਕੇਸ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਲਈ ਗੈਂਗਸਟਰ ਸ਼ਬਦ ਨਾ ਵਰਤਿਆ ਜਾਵੇ, ਉਨ੍ਹਾਂ ਨੂੰ ਗੁੰਡੇ ਜਾਂ ਬਦਮਾਸ਼ ਕਿਹਾ ਜਾਵੇ ਕਿਉਂਕਿ ਉਹ ਜਿਹੋ ਜਿਹਾ ਕੰਮ ਕਰਦੇ ਹਨ, ਉਹੋ ਜਿਹਾ ਨਾਂਅ ਦੇਣਾ ਚਾਹੀਦਾ ਹੈ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਜਦੋਂ ਤਕ ਉਨ੍ਹਾਂ ਨੂੰ ਨਿਆਂ ਨਹੀਂ ਮਿਲਦਾ, ਉਹ ਚੁੱਪ ਨਹੀਂ ਬੈਠਣਗੇ। ਉਨ੍ਹਾਂ ਸਿੱਧੂ ਨੂੰ ਇਨਸਾਫ ਦਿਵਾਉਣ ਲਈ ਹਰ ਪਿੰਡ ਵਿੱਚ ਕੈਂਡਲ ਮਾਰਚ ਕਰਨ ਦੀ ਅਪੀਲ ਕੀਤੀ ਹੈ।

ਇਸ ਦੌਰਾਨ ਮਾਨਸਾ ਦੇ ਐਸ ਐਸਪੀ ਗੌਰਵ ਤੂਰਾ ਨੇ ਦੱਸਿਆ ਕਿ ਪੰਜਾਬ ਪੁਲਸ ਵੱਲੋਂ ਸਿੱਧੂ ਮੂਸੇਵਾਲਾ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਤੇਜ਼ੀ ਨਾਲ ਯਤਨ ਕੀਤੇ ਜਾ ਰਹੇ ਹਨ ਅਤੇ ਕਤਲ ਕਾਂਡ ਵਿੱਚ ਸਿੱਧੇ ਤੇ ਅਸਿੱਧੇ ਤੌਰ ਉੱਤੇ ਸ਼ਾਮਲ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ।

# ਸੰਜੇ ਪੋਪਲੀ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਨਵਾਂ ਕੇਸ ਦਰਜ

ਐਸ ਏ ਐਸ ਨਗਰ, 22 ਅਗਸਤ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ ਕੀਤੇ ਗਏ ਆਈ ਏ ਐਸ ਅਧਿਕਾਰੀ ਸੰਜੇ ਪੋਪਲੀ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਨਵਾਂ ਕੇਸ ਦਰਜ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਵਿਜੀਲੈਂਸ ਨੇ ਸੰਜੇ ਪੋਪਲੀ ਨੂੰ ਭ੍ਰਿਸ਼ਟਾਚਾਰ ਦੇ ਨਵੇਂ ਕੇਸ ਵਿੱਚ ਨਾਮਜ਼ਦ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਜਦੋਂ ਸੰਜੇ ਪੋਪਲੀ ਦੇ ਸੈਕਟਰ-11 ਚੰਡੀਗੜ੍ਹ ਵਿਚਲੇ ਘਰ ਵਿੱਚ ਛਾਪੇਮਾਰੀ ਹੋਈ ਤਾਂ ਓਥੋਂ ਸੋਨੇ ਦੀਆਂ 9 ਇੱਟਾਂ, 49 ਬਿਸਕੁੱਟ, ਚਾਂਦੀ ਦੀਆਂ ਇੱਟਾਂ, 18 ਸਿੱਕੇ, ਦੋ ਸਮਾਰਟ ਘੜੀਆਂ, ਮੋਬਾਈਲ ਆਈਫ਼ੋਨ, 3,50,000 ਦੀ ਨਗਦੀ ਮਿਲੀ ਸੀ। ਇਸ ਤੋਂ ਇਲਾਵਾ ਘਰ ਦੀ ਤਲਾਸ਼ੀ ਮੌਕੇ ਸਟੋਨ ਸੈਟ, 3 ਗਲੇ ਦੇ ਹਾਰ, 3 ਜੋੜੇ ਕੰਨਾਂ ਦੇ ਟਾਪਸ, ਆਰਟੀਫੀਸ਼ਲ ਗਰੀਨ ਨੈਕਲੇਸ, ਰਾਡੋ ਦੀ ਘੜੀ, ਸੋਨੇ ਦਾ ਬ੍ਰੇਸਲੇਟ, 22 ਕੈਰੇਟ ਸੋਨੇ ਦਾ ਇੱਕ ਸਿੱਕਾ, 24 ਕੈਰੇਟ ਸੋਨੇ ਦਾ ਇੱਕ ਸਿੱਕਾ, 1 ਡਾਇਮੰਡ ਸਫੈਦ ਗੋਲਡ ਰਿੰਗ, 2 ਸੋਨੇ ਦੇ ਛੋਟੇ ਕੰਗਨ, ਸੋਨੇ ਦੀਆਂ ਚੂੜੀਆਂ, ਚਾਂਦੀ ਦੀ ਪਲੇਟ ਸਮੇਤ ਹੋਰ ਸਾਮਾਨ ਮਿਲਿਆ ਹੈ। ਵਿਜੀਲੈਂਸ ਵੱਲੋਂ ਸੰਜੇ



ਪੋਪਲੀ ਦੇ ਖਾਤਿਆਂ ਦੀ ਜਾਂਚ ਦੌਰਾਨ ਵੱਖ-ਵੱਖ ਬੈਂਕਾਂ ਵਿੱਚ ਪਏ ਪੈਸੇ, ਏ ਟੀ ਐਸ ਕੰਪਨੀ ਵਿੱਚ ਇੱਕ ਫਲੈਟ ਦੇ ਦਸਤਾਵੇਜ਼, ਸ਼ਿਵਾਲਿਕ ਐਵੀਨਿਊ ਖਰੜ ਵਿੱਚ ਪਲਾਟ, ਵੱਖ-ਵੱਖ ਖਾਲੀ ਸਟੈਂਪ ਪੇਪਰ, ਲੱਖਾਂ ਰੁਪਏ ਦੇ ਕੱਪੜੇ ਦੇ ਬਿੱਲ, ਫ਼ਰਨੀਚਰ ਦੇ ਖ਼ਰੀਦ ਬਿੱਲ, ਦਫ਼ਤਰ ਵਿਚਲੀ ਅਲਮਾਰੀ ਵਿੱਚੋਂ ਮਿਲੇ ਪੈਸੇ, ਇਨੋਵਾ ਕਾਰ, ਹੌਂਡਾ ਸਿਟੀ ਕਾਰ, ਇੱਕ ਜਿਪਸੀ ਅਤੇ ਘਰ ਵਿੱਚ ਕੀਮਤੀ ਸਾਮਾਨ, ਮਹਿੰਗੀ ਸ਼ਰਾਬ, ਨਾਜਾਇਜ਼ ਅਸਲ੍ਹਾ ਮਿਲੇ ਹਨ। ਵਿਜੀਲੈਂਸ ਮੁਤਾਬਕ ਸੰਜੇ ਪੋਪਲੀ ਦੀ ਇੱਕ ਮਹਿਲਾ ਦੋਸਤ ਦੇ ਲਾਕਰ ਵਿੱਚੋਂ ਵੀ 1 ਕਿੱਲੋ ਦੇ ਕਰੀਬ ਸੋਨੇ ਦੇ ਗਹਿਣੇ ਮਿਲੇ ਹਨ। ਇਸ ਮਹਿਲਾ ਦੇ ਨਾਂਅ ਉੱਤੇ ਏ ਟੀ ਐਸ ਕੰਪਨੀ ਵਿੱਚ ਇੱਕ ਫਲੈਟ ਵੀ ਹੈ, ਜਦੋਂ ਕਿ ਉਕਤ ਮਹਿਲਾ ਦੀ ਆਮਦਨ ਦਾ ਕੋਈ ਸਰੋਤ ਸਾਹਮਣੇ ਨਹੀਂ ਆਇਆ।

# ਸਬਸਿਡੀ ਲੈਣ ਲਈ ਪਿੰਡਾਂ ਵਿੱਚ ਧੜਾ-ਧੜ ਖੇਤੀਬਾੜੀ ਸੁਸਾਈਟੀਆਂ ਬਣਦੀਆਂ ਗਈਆਂ

ਸਮਾਣਾ, 22 ਅਗਸਤ (ਪੋਸਟ ਬਿਊਰੋ)- ਖੇਤੀਬਾੜੀ ਦੇ ਧੰਦੇ ਵਿੱਚ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਖਰੀਦ ਵਿੱਚ ਹੋਏ ਕਰੋੜਾਂ ਰੁਪਏ ਦੇ ਘਪਲੇ ਬਾਰੇ ਜ਼ਿਲ੍ਹਾ ਪਟਿਆਲਾ ਦੀਆਂ ਕਈ ਤਹਿਸੀਲਾਂ ਵਿੱਚ ਖੇਤੀਬਾੜੀ ਵਿਭਾਗ ਵੱਲੋਂ ਜਾਂਚ ਚੱਲ ਰਹੀ ਹੈ। ਮਸ਼ੀਨਾਂ ਲੈਣ ਵਾਲੇ ਬਹੁਤੇ ਕਿਸਾਨਾਂ ਦੇਕੋਲ ਇਹ ਮਸ਼ੀਨਾਂ ਨਹੀਂ ਮਿਲੀਆਂ ਜਿਨ੍ਹਾਂ ਵਿੱਚਬਹੁਤੀਆਂ ਸਬਸਿਡੀ ਵਾਲੀਆਂ ਮਸ਼ੀਨਾਂ ਹਨ। ਅੱਗੋਂ ਇਸ ਦੀ ਰਾਜ ਪੱਧਰ ਉੱਤੇ ਵਿਜੀਲੈਂਸ ਜਾਂਚ ਸ਼ੁਰੂ ਹੋ ਚੁੱਕੀ ਹੈ।


ਪਤਾ ਲੱਗਾ ਹੈ ਕਿ ਖੇਤੀਬਾੜੀ ਵਿਭਾਗ ਨੇ ਪਿੰਡਾਂ ਵਿੱਚ ਧੜਾਧੜ ਐਗਰੀਕਲਚਰ ਸੁਸਾਈਟੀਆਂ ਬਣਾ ਕੇ ਮਸ਼ੀਨਰੀ ਦਿੱਤੀ ਸੀ। ਬਲਾਕ ਸਮਾਣਾ ਵਿੱਚ 212 ਦੇ ਕਰੀਬ ਮਸ਼ੀਨਾਂ ਆਈਆਂ ਸਨ। ਇਨ੍ਹਾਂ ਵਿੱਚੋਂ ਕਈ ਅਜਿਹੀਆਂ ਸੁਸਾਈਟੀਆਂ ਤੇ ਕਿਸਾਨਾਂ ਨੇ ਦੁਰਵਰਤੋਂ ਕੀਤੀ ਹੈ।ਆਰ ਟੀ ਆਈ ਕਾਰਕੁੰਨ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਕਿਸਾਨਾਂ ਨੂੰ ਵੱਖ-ਵੱਖ ਕੰਮਾਂ ਲਈ ਮਸ਼ੀਨਰੀ ਉੱਤੇ ਕਰੀਬ 25 ਫੀਸਦੀ ਸਬਸਿਡੀ ਮਿਲਦੀ ਹੈ, ਪਰ ਐਗਰਲੀਕਲਚਰ ਸੁਸਾਈਟੀਆਂ ਨੂੰ ਪੰਜਾਹ ਤੋਂ ਅੱਸੀ ਫੀਸਦੀ ਤਕ ਸਬਸਿਡੀ ਉੱਤੇ ਮਸ਼ੀਨਰੀ ਮਿਲਦੀ ਹੈ। ਬਹੁਤੇ ਪਿੰਡਾਂ ਵਿੱਚ ਇਸ ਯੋਜਨਾ ਤਹਿਤ ਸਿਰਫ ਮਸ਼ੀਨਰੀ ਲੈਣ ਲਈ ਧੜਾਧੜ ਐਗਰੀਕਲਚਰ ਸੁਸਾਈਟੀਆਂ ਬਣਾਈਆਂ ਗਈਆਂ ਤੇ ਖੇਤੀਬਾੜੀ ਵਿਭਾਗ ਵੱਲੋਂ ਇਨ੍ਹਾਂ ਨੂੰ ਕਰੋੜਾਂ ਰੁਪਏ ਦੀ ਸਬਸਿਡੀ ਦਿੱਤੀ ਗਈ ਸੀ। ਇਸਜ਼ਿਲੇਨੇ ਛੇ ਬਲਾਕਾਂ ਵਿੱਚ ਸਾਲ 2017 ਤੱਕ ਗਿਣਤੀ ਦੀਆਂ ਸਿਰਫ ਦੋ ਸੁਸਾਈਟੀਆਂ ਸਨ, ਪਰ ਦੋ ਸਾਲਾਂ ਬਾਅਦ ਇਨ੍ਹਾਂ ਦੀ ਗਿਣਤੀ 570 ਦੇ ਕਰੀਬ ਹੋ ਗਈ। ਕਈ ਪਿੰਡਾਂ ਵਿੱਚ ਇਨ੍ਹਾਂਸੁਸਾਈਟੀਆਂ ਦੀ ਗਿਣਤੀ ਅੱਧਾ ਦਰਜਨ ਤਕ ਵੀ ਹੈ। ਇਹ ਖੁਲਾਸਾ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਜ਼ਿਲ੍ਹਾ ਖੇਤੀਬਾੜੀ ਅਫਸਰ ਪਟਿਆਲਾ ਤੋਂ ਬਲਾਕ ਪੱਧਰ ਉੱਤੇ ਬਣੀਆਂ ਐਗਰੀਕਲਚਰ ਵੈਲਫੇਅਰ ਸੁਸਾਈਟੀਆਂ ਦੀ ਗਿਣਤੀ ਅਤੇ ਉਨ੍ਹਾਂ ਨੂੰ ਦਿੱਤੀ ਮਸ਼ੀਨਰੀ ਬਾਰੇ ਪੁੱਛੀ ਜਾਣਕਾਰੀ ਵਿੱਚ ਹੋਇਆ ਹੈ।ਸਾਲ 2018-19 ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਬਣਾਈਆਂ ਸੁਸਾਈਟੀਆਂ ਨੂੰ ਲਗਭਗ ਚਾਰ ਕਰੋੜ 65 ਲੱਖ ਰੁਪਏ ਦੀਆਂ ਮਸ਼ੀਨਾਂ ਦਿੱਤੀਆਂ ਗਈਆਂ, ਜਿਨ੍ਹਾਂ ਵਿੱਚ ਹੈਪੀ ਸੀਡਰ, ਸਟਰਾਅ, ਰੀਪਰ, ਜ਼ੀਰੋ ਡਰਿੱਲ ਆਦਿ ਲੋੜੀਂਦੀਆਂ ਮਸ਼ੀਨਾਂ ਸਨ। ਇਸ ਸਾਲ 34 ਗਰੁੱਪਾਂ ਨੂੰ ਮਿਲੀਆਂ 249 ਮਸ਼ੀਨਾਂ ਵਿੱਚੋਂ ਚਾਰ ਗਰੁੱਪਾਂ ਨੂੰ 25 ਲੱਖ, ਬਾਕੀਆਂ ਨੂੰ 10-10 ਲੱਖ ਅਤੇ ਬਲਾਕ ਭੁਨਰਹੇੜੀ ਦੇ ਪਿੰਡ ਦੁੱਧੜ ਵਿਖੇ ਦੁੱਧੜ ਸੈਲਫ-ਹੈਲਫ ਗਰੁੱਪ ਨੂੰ 75 ਲੱਖ ਰੁਪਏ ਦੀ ਮਸ਼ੀਨਰੀ ਦਿੱਤੀ ਗਈ।

ਬ੍ਰਿਸ਼ ਭਾਨ ਬੁਜਰਕ ਨੇ ਕਿਹਾ ਕਿ ਸਾਲ 2019-20 ਵਿੱਚ ਕਰੋੜਾਂ ਰੁਪਏ ਦੀਆਂ 646 ਖੇਤੀ ਵਿੱਚ ਕੰਮ ਆਉਣ ਵਾਲੀਆਂ ਮਸ਼ੀਨਾਂ ਦਿੱਤੀਆਂ ਗਈਆਂ। ਸਭ ਤੋਂ ਵੱਧ 212 ਮਸ਼ੀਨਾਂ ਬਲਾਕ ਸਮਾਣਾ ਦੀਆਂ ਵੈਲਫੇਅਰ ਸੁਸਾਈਟੀਆਂ ਨੂੰ ਮਿਲੀਆਂ। ਜ਼ਿਆਦਾਸੁਸਾਈਟੀਆਂ ਖੇਤੀ ਸੰਦ ਸਬਸਿਡੀ ਉੱਤੇ ਲੈਣ ਲਈ ਬਣਾਈਆਂ ਸਨ ਅਤੇ ਖੇਤੀਬਾੜੀ ਮਹਿਕ-ਮੇ ਦੇ ਕੁਝ ਵੱਡੇ ਅਫਸਰ ਖੇਤੀ ਸੰਦ ਬਣਾਉਣ ਵਾਲੀਆਂ ਵੱਡੀਆਂ ਫਰਮਾਂ ਨਾਲ ਮਿਲੀਭੁਗਤ ਕਰ ਕੇ ਕਿਸਾਨਾਂ ਦੇ ਘਰ ਬੇਲੋੜੀ ਮਸ਼ੀਨਰੀ ਨਾਲ ਭਰ ਰਹੇ ਸਨ।ਇਸ ਬਾਰੇ ਕੁਝ ਦਿਨ ਪਹਿਲਾਂ ਕਿਸਾਨਾਂ ਦੇ ਘਰ ਜਾ ਕੇ ਖਰੀਦੀ ਗਈ ਮਸ਼ੀਨਰੀ ਦੀ ਜਾਂਚ ਵੀ ਕੀਤੀ ਗਈ ਸੀ। ਬੁਜਰਕ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਵਿੱਚ ਹੇਰਾਫੇਰੀ ਕਰਨ ਵਾਲੇ ਅਫਸਰਾਂ ਅਤੇ ਮਸ਼ੀਨਾਂ ਬਣਾਉਣ ਵਾਲੇ ਉਦਯੋਗਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

# ਖਿਡਾਰਨ ਨੂੰ ਛੱਤ ਤੋਂ ਸੁੱਟਣ ਦੇ ਦੋਸ਼ ਵਿੱਚ ਦੋ ਨੌਜਵਾਨ ਗ੍ਰਿਫਤਾਰ

ਨਿਹਾਲ ਸਿੰਘ ਵਾਲਾ, 22 ਅਗਸਤ (ਪੋਸਟ ਬਿਊਰੋ)- ਮੋਗੇ ਜ਼ਿਲੇ ਦੇ ਗੋਧੇਵਾਲਾ ਦੇ ਸਟੇਡੀਅਮ ਦੀ ਛੱਤ ਤੋਂ ਲੜਕੀ ਨੂੰ ਸੁੱਟਣ ਅਤੇ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਅੱਠ ਦਿਨਾਂ ਬਾਅਦ ਮੋਗਾ ਪੁਲਸ ਨੇ ਦੋ ਲੜਕੇ ਗ੍ਰਿਫਤਾਰ ਕਰ ਲਏ ਅਤੇ ਇੱਕ ਜਣੇ ਨੇ ਕੱਲ੍ਹ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ। ਡੀ ਐਸ ਪੀ ਦਮਨਬੀਰ ਸਿੰਘ ਨੇ ਦੱਸਿਆ ਕਿ ਪੁਲਸ ਦੀਆਂ ਵਿਸ਼ੇਸ਼ ਟੀਮਾਂ ਨੇ ਲੜਕੀ ਦੇ ਪਿਤਾ ਸ਼ਿਵ ਨਾਥ ਦੇ ਬਿਆਨਾਂ ਉੱਤੇ ਕਾਰਵਾਈ ਕਰਦਿਆਂ ਜਤਿਨ ਕੰਡਾ ਅਤੇ ਰਮਨਦੀਪ ਸਿੰਘ ਨੂੰ ਚੜਿਕ ਰੋਡ ਤੋਂ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਤੀਜੇ ਸਾਥੀ ਨੇ ਕੱਲ੍ਹ ਅਦਾਲਤ ਵਿੱਚ ਆਤਮਸਮਰਪਣ ਕਰ ਦਿੱਤਾ ਸੀ, ਜਿਸ ਨੂੰ ਨਾਬਾਲਗ ਹੋਣ ਕਾਰਨ ਫਰੀਦਕੋਟ ਦੇ ਬਾਲ ਸੁਧਾਰ ਘਰ ਵਿੱਚ ਭੇਜਿਆ ਗਿਆ ਹੈ। ਜਤਿਨ ਅਤੇ ਰਮਨ ਦਾ ਪੁਲਸ ਨੇ ਤਿੰਨ ਰੋਜ਼ਾ ਰਿਮਾਂਡ ਲਿਆ ਹੈ।

ਵਰਨਣ ਯੋਗ ਹੈ ਕਿ ਪੀੜਤ ਲੜਕੀ ਬਾਸਕਿਟਬਾਲ ਦੀ ਸੂਬਾ ਪੱਧਰੀ ਖਿਡਾਰਨ ਹੈ। ਬੀਤੀ 12 ਅਗਸਤ ਨੂੰ ਉਸ ਦੇ ਦੋਸਤ ਜਤਿਨ ਨੇ ਉਸ ਨੂੰ ਫੋਨ ਕਰ ਕੇ ਸਟੇਡੀਅਮ ਬੁਲਾਇਆ ਸੀ। ਇਸ ਦੌਰਾਨ ਜਤਿਨ ਅਤੇ ਉਸ ਦੇ ਦੋ ਦੋਸਤਾਂ ਨੇ ਲੜਕੀ ਤੋਂ ਫੋਨ ਖੋਹਣ ਦੀ ਕੋਸ਼ਿਸ਼ ਕੀਤੀ ਤੇ ਕੁੱਟਮਾਰ ਦੇ ਨਾਲ ਜ਼ਬਰਦਸਤੀ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਉਨ੍ਹਾਂ ਨੇ ਲੜਕੀ ਨੂੰ ਸਟੇਡੀਅਮ ਦੀ ਛੱਤ ਤੋਂ ਹੇਠਾਂ ਸੁੱਟ ਦਿੱਤਾ। ਜ਼ਖਮੀ ਹਾਲਤ ਵਿੱਚ ਲੜਕੀ ਨੂੰ ਉਥੇ ਮੌਜੂਦ ਲੋਕਾਂ ਨੇ ਹਸਪਤਾਲ ਭਰਤੀ ਕਰਵਾਇਆ ਸੀ। ਲੜਕੀ ਇਸ ਵੇਲੇ ਲੁਧਿਆਣੇ ਦੇ ਪ੍ਰਾਈਵੇਟ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।



# ਦੁਬਈ ਤੋਂ ਪਰਤੀ ਔਰਤ ਵੱਲੋਂ ਪਤੀ ਉੱਤੇ ਸ਼ੇਖ਼ ਕੋਲ ਵੇਚਣ ਤੇ ਦੇਹ ਵਪਾਰ ਵਿੱਚ ਧੱਕਣ ਦੇ ਦੋਸ਼

ਲੁਧਿਆਣਾ, 22 ਅਗਸਤ (ਪੋਸਟ ਬਿਊਰੋ)- ਦੁਬਈ ਤੋਂ ਮੁਸ਼ੱਕਤ ਕਰ ਕੇ ਪਰਤੀ ਔਰਤ ਨੇ ਆਪਣੇ ਪਤੀ ਉੱਤੇ ਇੱਕ ਲੱਖ ਰੁਪਏ ਵਿੱਚ ਸ਼ੇਖ਼ ਕੋਲ ਵੇਚਣ ਦੇ ਦੋਸ਼ ਲਾਏ ਅਤੇ ਜਾਂਚ ਦੀ ਮੰਗ ਕੀਤੀ ਹੈ। ਪੀੜਤਾ ਦੇ ਦੱਸਣ ਮੁਤਾਬਕ ਉਸ ਨੂੰ ਉਸ ਦੇ ਪਤੀ ਦੀ ਸਕੀਮ ਨਾਲ ਉਥੇ ਉਸ ਨੂੰ ਦੇਹ ਵਪਾਰ ਵਿੱਚ ਧੱਕਿਆ ਗਿਆ ਅਤੇ ਉਹ ਇੱਕ ਮਦਦਗਾਰ ਦੀ ਮਦਦ ਸਦਕਾ ਮਸਾਂ ਉਹ ਦੇਹ ਵਪਾਰ ਵਿੱਚੋਂ ਨਿਕਲੀ ਹੈ। ਉਥੇ ਕੰਪਨੀ ਵਿੱਚ ਕੰਮ ਕਰ ਕੇ ਪੈਸੇ ਕਮਾਏ, ਭਾਰਤ ਵਿੱਚ ਘਰ ਵੀ ਖਰੀਦਿਆ, ਪਰ ਪਤੀ ਅੱਜਕੱਲ੍ਹ ਕੁੱਟਮਾਰ ਕਰਦਾ ਹੈ ਤੇ ਬੱਚੇ ਵੀ ਨਹੀਂ ਪਛਾਣਦੇ। ਇਸ ਔਰਤ ਵੱਲੋਂ ਸ਼ਿਕਾਇਤ ਮਿਲਣ ਉੱਤੇ ਪੁਲਸ ਕਮਿਸ਼ਨਰ ਨੇ ਈ ਓ ਵਿੰਗ ਨੂੰ ਮਾਮਲੇ ਦੀ ਜਾਂਚ ਸੌਂਪੀ ਹੈ।

ਨਿਊ ਸੁਭਾਸ਼ ਨਗਰ ਦੇ ਮੁਹੱਬਾ ਆਨੰਦਪੁਰਾ ਵਿੱਚ ਰਹਿੰਦੀ 31 ਸਾਲਾ ਪੀੜਤਾ ਨੇ ਦੱਸਿਆ ਕਿ ਨਵੰਬਰ 2009 ਵਿੱਚ ਉਸ ਦਾ ਵਿਆਹ ਨਿਊ ਸ਼ਕਤੀ ਨਗਰ ਦੇ ਵਾਸੀ ਨਾਲ ਹੋਇਆ ਸੀ ਅਤੇ ਉਸ ਦਾ 11 ਸਾਲ ਦਾ ਬੇਟਾ ਹੈ। ਉਸ ਦਾ ਪਿਛੋਕੜ ਉਚ ਵਰਗ ਨਾਲ ਸਬੰਧਤ ਹੈ ਤੇ ਵਿਆਹ ਪਿੱਛੋਂ ਪਤੀ ਵਿਆਹ ਤੋਂ ਬਾਅਦ ਇਹ ਵਿਅਕਤੀ ਦਾਜ ਮੰਗਣ ਲੱਗ ਪਿਆ ਸੀ।ਬਿਆਨਕਰਤਾ ਮੁਤਾਬਕ ਸਾਲ 2015 ਵਿੱਚ ਉਸ ਦੇ ਪਤੀ ਨੇ ਕੁੱਟਮਾਰ ਕਰ ਕੇ ਘਰੋਂ ਕੱਢ ਦਿੱਤਾ ਤਾਂ ਉਹ ਪੇਕੇ ਰਹਿਣ ਲੱਗ ਪਈ। ਮਾਰਚ 2016 ਵਿੱਚ ਉਸ ਦਾ ਪਤੀ ਤਿੰਨ ਜਣਿਆਂ ਨਾਲ



ਉਸ ਦੇ ਨਾਨਕੇ ਘਰ ਆ ਕੇ ਕਹਿਣ ਲੱਗਾ ਕਿ ਉਹ ਉਸ ਨੂੰਦੁਬਈ ਵਿੱਚ ਨੌਕਰੀ ਦਿਵਾ ਦੇਵੇਗਾ। ਘਰ ਦੀ ਤਰੱਕੀ ਲਈ ਉਹ ਆਪਣੇ ਪਤੀ ਦੀ ਤਜਵੀਜ਼ ਮੰਨ ਕੇ ਦੁਬਈ ਚਲੀ ਗਈ। ਔਰਤ ਮੁਤਾਬਕ ਉਥੇ ਜਾ ਕੇ ਪਤਾ ਲੱਗਾ ਕਿ ਪਤੀ ਨੇ ਦੁਬਈ ਭੇਜਣ ਲਈ ਕਿਸੇ ਸ਼ੇਖ਼ ਤੋਂ ਇੱਕ ਲੱਖ ਰੁਪਏ ਲਏ ਸਨ ਅਤੇ ਉਸ ਨੂੰ ਦੇਹ ਵਪਾਰ ਲਈ ਦੁਬਈ ਭੇਜਿਆ ਹੈ। ਉਥੇ ਇੱਕ ਭਲੇ ਮਨੁੱਖ ਨੇ ਮੱਦਦ ਕੀਤੀ, ਜਿਸ ਨੇ ਨਾ ਸਿਰਫ ਦੇਹ ਵਪਾਰ ਦੇ ਨਰਕ ਵਿੱਚੋਂ ਕੱਢਿਆ, ਸਗੋਂ ਕੰਪਨੀ ਵਿੱਚ ਨੌਕਰੀ ਵੀ ਦਿਵਾਈ। ਔਰਤ ਅੱਗੇ ਦੱਸਦੀ ਹੈ ਕਿ ਉਹ ਦੁਬਈ ਵਿੱਚੋਂ ਵਾਹਵਾ ਧਨ ਕਮਾ ਕੇ ਪਰਤੀ ਤੇ ਆਪਣੀ ਕਮਾਈ ਨਾਲ ਮਕਾਨ ਬਣਵਾਇਆ ਅਤੇ ਦੋ ਪਲਾਟ ਖਰੀਦੇ ਸਨ। ਇੱਕ ਪਲਾਟ ਪਤੀ ਦੇ ਨਾਂਅ ਉੱਤੇ ਖਰੀਦਿਆ ਸੀ। ਨੌਕਰੀ ਤੋਂ ਅੱਠ ਸਾਲ ਬਾਅਦ ਘਰ ਮੁੜੀ ਤਾਂ ਪਤੀ ਘਰ ਉੱਤੇ ਕਬਜ਼ਾ ਕਰ ਕੇ ਬੈਠਾ ਹੈ। ਜਦੋਂ ਉਸ ਨੇ ਆਪਣੀ ਕਮਾਈ ਦੇ ਘਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਪਤੀ ਨੇ ਕੁੱਟ ਦਿੱਤਾ। ਪਿਤਾ ਦੇ ਆਖੇ ਲੱਗ ਕੇ ਉਸ ਦੇ ਬੱਚੇ ਵੀ ਪਛਾਨਣ ਤੋਂ ਇਨਕਾਰੀ ਹੋ ਗਏ ਹਨ।

# ਨਵੀਂ ਸਰਕਾਰ ਦੌਰਾਨ ਅਫਸਰ ਪ੍ਰਦੇਸੀ ਨਹੀਂ ਬਣ ਸਕਣਗੇ

*** ਵਿਜੀਲੈਂਸ ਵੱਲੋਂ ਪੀ ਆਰ ਵਾਲੇ ਅਫਸਰਾਂ ਦੀ ਪੈੜ ਨੱਪਣੀ ਸ਼ੁਰੂ * ਸੱਤ ਸਾਲ ਪਹਿਲਾਂ ਵੀ ਰਿਪੋਰਟ ਤਿਆਰ ਕੀਤੀ ਗਈ ਸੀ**

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਵਿਦੇਸ਼ ਵਿੱਚ ਪੱਕੀ ਰਿਹਾਇਸ਼ ਦੇ ਲਈ ਚੁੱਪ ਚੁਪੀਤੇ ਪੀ ਆਰ ਲੈਣ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਦੀ ਪੈੜ ਨੱਪਣ ਦੀ ਤਿਆਰੀ ਕੱਸ ਲਈ ਹੈ। ਕਿੰਨੇ ਅਧਿਕਾਰੀ ਅਤੇ ਮੁਲਾਜ਼ਮ ਦੂਸਰੇ ਦੇਸ਼ਾਂ ਦੇ ਗਰੀਨ ਕਾਰਡ ਹੋਲਡਰ ਹਨ, ਵਿਜੀਲੈਂਸ ਇਸ ਦੀ ਪਛਾਣ ਕਰੇਗੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਖੁਰਾਕ ਤੇ ਸਪਲਾਈ ਦੇ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਹੈ, ਜਿਸ ਨੇ ਸਾਲ 2006 ਤੋਂ ਚੋਰੀ ਛਿਪੇ ਕੈਨੇਡਾ ਦੀ ਪੀ ਆਰ ਲਈ ਹੋਈ ਸੀ। ਇਸ ਮਗਰੋਂ ਵਿਜੀਲੈਂਸ ਨੇ ਪੀ ਆਰ ਲੈਣ ਵਾਲਿਆਂ ਦੀ ਸੂਹ ਕੱਢਣੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਵਿਜੀਲੈਂਸ ਬਿਊਰੋ ਨੇ ਇਸ ਗੱਲ ਦਾ ਨੋਟਿਸ ਲਿਆ ਹੈ ਕਿ ਬਹੁਤੇ ਅਧਿਕਾਰੀ ਪਹਿਲਾਂ ਗਲਤ ਢੰਗ ਨਾਲ ਪੈਸਾ ਇਕੱਠਾ ਕਰਦੇ ਅਤੇ ਫਿਰ ਭੇਤ ਖੁੱਲ੍ਹਣ ਤੋਂ ਪਹਿਲਾਂ ਵਿਦੇਸ਼ ਖਿਸਕ ਜਾਂਦੇ ਹਨ। ਪਹਿਲਾਂ ਵੀ ਇਹ




ਮਾਮਲਾ ਉਭਰਿਆ ਤੇ ਵਿਜੀਲੈਂਸ ਨੇ ਗਰੀਨ ਕਾਰਡ ਹੋਲਡਰ ਅਫਸਰਾਂ ਦੀ ਪਛਾਣ ਕੀਤੀ ਸੀ। ਬੀਤੇ ਦਿਨੀਂ ਪਨਸਪ ਪਟਿਆਲਾ ਦੇ ਜਿਸ ਇੰਸਪੈਕਟਰ ਗੁਰਿੰਦਰ ਸਿੰਘ ਉੱਤੇ ਅਨਾਜ ਨੂੰ ਗਾਇਬ ਕਰਨ ਦਾ ਕੇਸ ਦਰਜ ਹੋਇਆ ਹੈ, ਉਹ ਵੀ ਵਿਦੇਸ਼ ਫਰਾਰ ਹੋ ਗਿਆ ਹੈ। ਸੂਤਰਾਂ ਮੁਤਾਬਕ ਇਹ ਫੂਡ ਇੰਸਪੈਕਟਰ ਸਭ ਕੁਝ ਵੇਚ ਕੇ ਵਿਦੇਸ਼ ਖਿਸਕ ਗਿਆ ਹੈ। ਦੱਸਦੇ ਹਨ ਕਿ ਪੰਜਾਬ ਵਿੱਚ ਕਈ ਚੌਲ ਮਿੱਲਾਂ ਵਾਲੇ ਵੀ ਅਜਿਹੇ ਗਬਨ ਕਰਨ ਪਿੱਛੋਂ ਵਿਦੇਸ਼ ਚਲੇ ਗਏ ਹਨ ਅਤੇ ਫਿਰ ਵਾਪਸ ਨਹੀਂ ਆਏ।

ਪੰਜਾਬ ਸਿਵਲ ਸਰਵਿਸ ਰੂਲਜ਼ 1970 ਤੇ ਕੇਂਦਰੀ ਨਿਯਮਾਂ ਅਨੁਸਾਰ ਸਰਕਾਰੀ ਨੌਕਰੀਦੌਰਾਨ ਕੋਈ ਮੁਲਾਜ਼ਮ ਜਾਂ ਅਧਿਕਾਰੀ ਕਿਸੇ ਹੋਰ ਦੇਸ਼ ਦੀ ਪੀ ਆਰ ਨਹੀਂ ਲੈ ਸਕਦਾ। ਕੇਂਦਰ ਸਰਕਾਰ ਨੇ 2006 ਵਿੱਚ ਪੀ ਆਰ ਲੈਣ ਵਾਸਤੇ ‘ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਨਾ ਜਾਰੀ ਕਰਨ ਦੀ ਹਿਦਾਇਤ ਕੀਤੀ ਸੀ। ਸਾਲ 2002 ਵਿੱਚ ਪੰਜਾਬ ਸਰਕਾਰ ਨੇ ਵਿਦੇਸ਼ ਵਿੱਚ ਰੁਜ਼ਗਾਰ ਲਈ ਪੰਜ ਸਾਲ ਅਨਪੇਡ ਲੀਵ (ਬਿਨਾਂ ਅਦਾਇਗੀ ਛੁੱਟੀ) ਲੈਣ ਦੀ ਸਹੂਲਤ ਸਰਕਾਰੀ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਦਿੱਤੀ ਸੀ। ਉਸ ਮਗਰੋਂ ਵੱਡੀ ਪੱਧਰ ਉੱਤੇ ਖੇਤੀ ਵਿਭਾਗ ਅਤੇ ਪਸ਼ੂ ਪਾਲਣ ਮਹਿਕਮੇ ਦੇ ਅਧਿਕਾਰੀ ਵਿਦੇਸ਼ ਚਲੇ ਗਏ ਸਨ। ਬਹੁਤੇ ਪੰਜ ਸਾਲ ਦਾ ਸਮਾਂ ਖਤਮ ਹੋਣ ਪਿੱਛੋਂ ਵਾਪਸ ਨਹੀਂ ਆਏ। ਸਿੱਖਿਆ ਮਹਿਕਮੇ ਨੇ ਸਖਤੀ ਸ਼ੁਰੂ ਕੀਤੀ ਹੈ ਕਿ ਐਕਸ ਇੰਡੀਆ ਲੀਵ ਸਿਰਫਉਸੇ ਨੂੰ ਦਿੱਤੀ ਜਾਂਦੀ ਹੈ, ਜਿਸ ਕੋਲ ਵਿਜ਼ਟਰ ਵੀਜ਼ਾ ਹੁੰਦਾ ਹੈ। ਪੰਜਾਬ ਦੇ ਕਈ ਸਿਆਸਤਦਾਨ ਵੀ ਵਿਦੇਸ਼ ਵਿੱਚ ਬੈਠੇ ਹਨ। ਸੂਤਰ ਦੱਸਦੇ ਹਨ ਕਿ ਇੱਕ ਸਾਬਕਾ ਵਜ਼ੀਰ ਵੀ ਆਪਣਾ ਕਾਰੋਬਾਰ ਸਮੇਟਣ ਲੱਗਾ ਹੋਇਆ ਹੈ ਅਤੇ ਕਈ ਹੋਰ ਵੀ ਖਿਸਕਣ ਵਾਲੇ ਹਨ। ਵਿਜੀਲੈਂਸ ਨੇ 15 ਮਈ 2015 ਨੂੰ ਪੰਜਾਬ ਸਰਕਾਰ ਨੂੰ ਰਿਪੋਰਟ ਦਿੱਤੀ ਸੀ ਕਿ ਪੰਜਾਬ ਦੇ 130 ਗਜ਼ਟਿਡ ਅਤੇ ਨਾਨ-ਗਜ਼ਟਿਡ ਅਫਸਰਾਂ ਕੋਲ ਪੀ ਆਰ ਜਾਂ ਉਹ ਗਰੀਨ ਕਾਰਡ ਹਨ। ਇਸ ਰਿਪੋਰਟ ਵਿੱਚ ਓਦੋਂ ਦਾ ਇੱਕ ਆਈ ਏ ਐਸ ਅਧਿਕਾਰੀ ਅਤੇ ਦੋ ਪੀ ਸੀ ਐਸ ਅਧਿਕਾਰੀ ਅਤੇ 170 ਦੇ ਕਰੀਬ ਸਰਕਾਰੀ ਮੁਲਾਜ਼ਮ ਸਨ, ਜਿਨ੍ਹਾਂ ਕੋਲ ਪੀ ਆਰ ਸੀ। ਵਿਜੀਲੈਂਸ ਨੇ ਉਦੋਂ ਕਰੀਬ 800 ਮੁਲਾਜ਼ਮ ਤੇ ਅਧਿਕਾਰੀ ਲੱਭੇ ਸਨ।ਵਿਜੀਲੈਂਸ ਬਿਊਰੋ ਦੇ ਮੁਖੀ ਵਰਿੰਦਰ ਕੁਮਾਰ ਨੇ ਕਿਹਾ ਕਿ ਉਹ ਸਾਰੇ ਵਿਭਾਗਾਂ ਨੂੰ ਪੱਤਰ ਲਿਖ ਕੇ ਅਜਿਹੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਵੇਰਵੇ ਮੰਗਣਗੇ, ਜਿਨ੍ਹਾਂ ਨੇ ਸਰਕਾਰੀ ਅਹੁਦੇ ਉੱਤੇਹੁੰਦਿਆਂ ਪੀ ਆਰ ਲਈ ਹੈ। ਉਨ੍ਹਾਂ ਕਿਹਾ ਕਿ ਮੁੱਢਲੇ ਪੜਾਅ ਉੱਤੇ ਇਹੀ ਘੋਖ ਕੀਤੀ ਜਾਵੇਗੀ ਕਿ ਸਰਕਾਰੀ ਨੌਕਰੀ ਵਿੱਚ ਹੁੰਦਿਆਂ ਉਹ ਕਿਸ ਤਰ੍ਹਾਂ ਪੀ ਆਰ ਲਈ ਗਈ ਸੀ।

# ਤੇਜ਼ ਹਵਾਵਾਂ ਨਾਲ ਗੰਗਾ ਨਦੀ ਵਿੱਚ ਬੇੜੀਆਂ ਦਾ ਸੰਤੁਲਨ ਵਿਗੜਿਆ

*ਗੰਗਾ ਵਿੱਚ ਰੇਤੇ ਦੀਆਂ ਛੇ ਕਿਸ਼ਤੀਆਂ ਡੁੱਬੀਆਂ, 19 ਲਾਪਤਾ



ਡੋਰੀਗੰਜ, 22 ਅਗਸਤ (ਪੋਸਟ ਬਿਊਰੋ)- ਪਟਨਾ ਜ਼ਿਲ੍ਹੇ ਦੇ ਮਨੇਰ ਇਲਾਕੇ ਵਿੱਚ ਵੱਡਾ ਕਿਸ਼ਤੀ ਹਾਦਸਾ ਹੋਇਆ ਜਿਸ ਵਿੱਚ ਛੇ ਕਿਸ਼ਤੀਆਂ ਨਦੀ ਵਿੱਚ ਡੁੱਬ ਗਈਆਂ। ਹਾਦਸੇ ਪਿੱਛੋਂ ਕਾਫੀ ਲੋਕ ਬਚ ਗਏ, ਪਰ 19 ਲਾਪਤਾ ਹਨ। ਸਾਰੀਆਂ ਕਿਸ਼ਤੀਆਂ ਰੇਤ ਨਾਲ ਲੱਦੀਆਂ ਹੋਈਆਂ ਕੰਢੇ ਵੱਲ ਆ ਰਹੀਆਂ ਸਨ।

ਮਿਲੀ ਜਾਣਕਾਰੀ ਅਨੁਸਾਰ ਸਾਰੀਆਂ ਛੇ ਕਿਸ਼ਤੀਆਂ ਸੋਨ ਤੋਂ ਰੇਤ ਲੈ ਕੇ ਡੋਰੀਗੰਜ ਆ ਰਹੀਆਂ ਸਨ, ਜਦ ਤੇਜ਼ ਹਵਾਵਾਂ ਕਾਰਨ ਉਹ ਨਦੀ ਵਿੱਚ ਉਠਦੀਆਂ ਤੇਜ਼ ਲਹਿਰਾਂ ਦੀ ਲਪੇਟ ਵਿੱਚ ਆ ਗਈਆਂ ਅਤੇ ਗੰਗਾ, ਸਰਿਊ ਅਤੇ ਸੋਨ ਦੇ ਸੰਗਮ ਨੇੜੇ ਡੁੱਬ ਗਈਆਂ। ਦਰਿਆਗੰਜ ਦੀ ਇੱਕ ਕਿਸ਼ਤੀ ਵਿੱਚ 24 ਲੋਕ ਸਨ, ਜਦ ਕਿ ਦੂਸਰੀ ਡੋਰੀਗੰਜ ਦੀ ਕਿਸ਼ਤੀ ਵਿੱਚ 22 ਲੋਕ ਸਨ। ਉਹ ਸਾਰੇ ਸਹੀ ਸਲਾਮਤ ਨਿਕਲ ਗਏ ਸਨ।ਦੋ ਕਿਸ਼ਤੀਆਂ ਬਲਵਨ ਟੋਲਾ ਪਿੰਡ ਦੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਉੱਤੇ ਸਵਾਰ ਦੋ ਮਜ਼ਦੂਰ ਲਾਪਤਾ ਦੱਸੇ ਗਏ ਹਨ। ਦੋਵੇਂ ਦੂਸਰੇ ਜ਼ਿਲ੍ਹੇ ਦੇ ਦੱਸੇ ਜਾਂਦੇ ਸਨ। ਪੰਜਵੀਂ ਕਿਸ਼ਤੀ ਲਾਲਗੰਜ, ਵੈਸ਼ਾਲੀ ਦੀ ਸੀ ਅਤੇ ਉਸ ਉੱਤੇ 15 ਮਜ਼ਦੂਰ ਸਨ, ਜਿਨ੍ਹਾਂ ਵਿੱਚੋਂ ਸੱਤ ਨਿਕਲ ਆਏ ਹਨ, ਪਰ ਅੱਠ ਲਾਪਤਾ ਦੱਸੇ ਜਾਂਦੇ ਹਨ। ਛੇਵੀਂ ਕਿਸ਼ਤੀ ਹਲਦੀ ਛਪਰਾਮਨੇਰ ਦੀ ਸੀ, ਜਿਸ ਉੱਤੇ 15 ਜਣੇ ਸਨ, ਜਿਸ ਵਿੱਚੋਂ ਛੇ ਬਾਹਰ ਨਿਕਲ ਗਏ, ਪਰ ਨੌਂ ਲਾਪਤਾ ਦੱਸੇ ਜਾ ਰਹੇ ਹਨ। ਪੁਲਸ ਦਾ ਦਾਅਵਾ ਹੈ ਕਿ ਕੋਈ ਗਾਇਬ ਨਹੀਂ ਹੈ।

ਪ੍ਰਤੱਖਦਰਸ਼ੀਆਂ ਅਨੁਸਾਰ ਕਿਸ਼ਤੀ ਉੱਤੇ ਸਵਾਰ ਮਲਾਹਾਂ ਵਿੱਚੋਂ ਸਿਰਫ ਅੱਧਾ ਦਰਜਨ ਮਜ਼ਦੂਰਾਂ ਨੂੰ ਬਚਾਇਆ ਜਾ ਸਕਿਆ, ਬਾਕੀ ਨਦੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ। ਕਿਸ਼ਤੀ ਹਾਦਸੇ ਦੀ ਸੂਚਨਾ ਉੱਤੇ ਪੁਲਸ ਵਿੱਚ ਤਰਥੱਲੀ ਮਚ ਗਈ। ਸੀ ਓ ਦਿਨੇਸ਼ ਕੁਮਾਰ ਸਿੰਘ ਹਲਦੀ ਛਪਰਾ ਪਹੁੰਚੇ।

# ਪੁਤਿਨ ਦੇ ਦਿਮਾਗ ਮੰਨੇ ਜਾਂਦੇ ਡੁਗਿਨ ਦੀ ਧੀ ਦੀ ਕਾਰ ਧਮਾਕੇ ਵਿੱਚ ਮੌਤ

* ਦੂਜੀ ਕਾਰ ਵਿੱਚ ਬੈਠਣ ਕਰ ਕੇ ਡੁਗਿਨ ਵਾਲ-ਵਾਲ ਬਚੇ



ਮਾਸਕੋ, 22 ਅਗਸਤ (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਦਿਮਾਗ ਵਜੋਂ ਜਾਣੇ ਜਾਂਦੇ ਰੂਸੀ ਰਾਸ਼ਟਰਵਾਦੀ ਵਿਚਾਰਕ ਅਲੈਗਜ਼ੈਂਡਰ ਡੁਗਿਨ ਦੀ ਧੀ ਡਾਰੀਆ ਡੁਗਿਨਾ ਦੀ ਮਾਸਕੋ ਦੇ ਬਾਹਰੀ ਖੇਤਰ ਵਿੱਚ ਇੱਕ ਕਾਰ ਧਮਾਕੇ ਵਿੱਚ ਮੌਤ ਹੋ ਗਈ। ਮਾਸਕੋ ਖਿੱਤੇ ਦੀ ਜਾਂਚ ਕਮੇਟੀ ਦੀ ਸ਼ਾਖਾ ਮੁਤਾਬਕ ਡਾਰੀਆ ਡੁਗਿਨਾ (29) ਦੀ ਐਸ ਯੂ ਵੀਗੱਡੀ ਵਿੱਚ ਲਾਏ ਗਏ ਬੰਬ ਕਾਰਨ ਸ਼ਨੀਵਾਰ ਰਾਤ ਨੂੰ ਇਹ ਧਮਾਕਾ ਹੋਇਆ ਸੀ।

ਅਲੈਗਜ਼ੈਂਡਰ ਡੁਗਿਨ ਅਸਲ ਵਿੱਚ ਰੂਸੀ ਵਰਲਡ ਦੀ ਧਾਰਨਾ ਦੇ ਮੁੱਖ ਪੈਰੋਕਾਰ ਅਤੇ ਯੂਕਰੇਨ ਵਿੱਚ ਰੂਸੀ ਫੌਜ ਭੇਜਣ ਦੇ ਕੱਟੜ ਸਮਰਥਕ ਹਨ। ਰਾਸ਼ਟਰਪਤੀ ਪੁਤਿਨ ਨਾਲ ਡੁਗਿਨ ਦੇ ਸੰਬੰਧ ਸਪੱਸ਼ਟ ਨਹੀਂ, ਪਰ ਰੂਸੀ ਰਾਸ਼ਟਰਪਤੀ ਦਾ ਦਫਤਰ ਅਕਸਰ ਉਨ੍ਹਾਂ ਦੀਆਂ ਲਿਖਤਾਂ ਅਤੇ ਰੂਸ ਦੇ ਸਰਕਾਰੀ ਟੀ ਵੀ ਚੈਨਲ ਉੱਤੇ ਦਿੱਤੇ ਗਏ ਉਨ੍ਹਾਂ ਦੇ ਬਿਆਨਾਂ ਨੂੰ ਦੁਹਰਾਉਂਦਾ ਹੈ। ਉਨ੍ਹਾਂ ਨਵੇਂ ਰੂਸ ਦੀ ਧਾਰਨਾ ਨੂੰ ਮਕਬੂਲ ਬਣਾਉਣ ਵਿੱਚ ਸਹਾਇਤਾ ਕੀਤੀ ਸੀ, ਜਿਸ ਦੀ ਵਰਤੋਂ ਰੂਸ ਵੱਲੋਂ ਕ੍ਰੀਮੀਆ ਉੱਤੇ ਕਬਜ਼ੇ ਅਤੇ ਪੂਰਬੀ ਯੂਕਰੇਨ ਵਿੱਚ ਵੱਖਵਾਦੀ ਬਾਗੀਆਂ ਨੂੰ ਹਿਮਾਇਤ ਦੇਣ ਲਈ ਕੀਤੀ ਜਾਂਦੀ ਹੈ। ਉਨ੍ਹਾਂ ਦੀ ਧੀ ਡੁਗਿਨਾ ਵੀ ਅਜਿਹੇ ਵਿਚਾਰ ਰੱਖਦੀ ਸੀ ਅਤੇ ਰਾਸ਼ਟਰਵਾਦੀ ਟੀ ਵੀ ਚੈਨਲ ਜ਼ਾਰਗਰੈਡ ਉੱਤੇ ਕੁਮੈਂਟੇਟਰ ਵਜੋਂ ਨਜ਼ਰ ਆਈ ਸੀ। ਯੂਨਾਈਟਿਡ ਇੰਟਰਨੈਸ਼ਨਲ ਦੇ ਮੁੱਖ ਸੰਪਾਦਕ ਵਜੋਂ ਕੰਮ ਕਰਨ ਬਾਰੇ ਡੁਗਿਨਾ ਉੱਤੇ ਮਾਰਚ ਵਿੱਚ ਅਮਰੀਕਾ ਨੇ ਪਾਬੰਦੀ ਲਾ ਦਿੱਤੀ ਸੀ। ਇਸ ਵੈਬਸਾਈਟ ਨੂੰ ਅਮਰੀਕਾ ਨੇ ਕੂੜ ਪ੍ਰਚਾਰ ਦੀ ਸ਼੍ਰੇਣੀ ਵਿੱਚ ਰੱਖਿਆ ਹੈ।

ਜ਼ਾਰਗਰੈਡ ਨੇ ਕੱਲ੍ਹਕਿਹਾ ਕਿ ਡੁਗਿਨਾ ਆਪਣੇ ਪਿਤਾ ਵਾਂਗ ਪੱਛਮ ਨਾਲ ਟਕਰਾਅ ਵਿੱਚ ਹਮੇਸ਼ਾ ਮੋਹਰੀ ਰਹੀ। ਧਮਾਕਾ ਓਦੋਂ ਹੋਇਆ ਜਦੋਂ ਡੁਗਿਨਾ ਇੱਕ ਸਭਿਆਚਾਰਕ ਪ੍ਰੋਗਰਾਮ ਦੇ ਮਗਰੋਂ ਘਰ ਪਰਤ ਰਹੀ ਸੀ, ਜਿਸ ਵਿੱਚ ਉਹ ਪਿਤਾ ਨਾਲ ਸ਼ਾਮਲ ਹੋਈ ਸੀ। ਰੂਸੀ ਮੀਡੀਆ ਨੇ ਕੁਝ ਪ੍ਰਤੱਖਦਰਸ਼ੀਆਂ ਦੇ ਹਵਾਲੇ ਨਾਲ ਕਿਹਾ ਕਿ ਕਾਰ ਵਿੱਚ ਡੁਗਿਨਾ ਦੇ ਪਿਤਾ ਨੇ ਬੈਠਣਾ ਸੀ, ਪਰ ਫਿਰਉਹ ਦੂਜੀ ਕਾਰ ਵਿੱਚ ਬੈਠ ਗਏ। ਵੱਖਵਾਦੀ ਦੋਨੇਤਸਕ ਪੀਪਲਜ਼ ਰਿਪਬਲਿਕ ਦੇ ਮੁਖੀ ਡੇਨਿਸ ਪੁਸ਼ੀਲਿਨ ਨੇ ਇਸ ਨੂੰ ਯੂਕਰੇਨੀ ਦਹਿਸ਼ਤਗਰਦਾਂ ਦੀ ਸਾਜ਼ਿਸ਼ ਦੱਸਿਆ ਹੈ।

ਓਧਰਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਦੇ ਸਲਾਹਕਾਰ ਮਿਖਈਲੋ ਪੋਡੋਲਿਕ ਨੇ ਇਸ ਹਮਲੇ ਵਿੱਚ ਯੂਕਰੇਨ ਦਾ ਹੱਥ ਹੋਣ ਤੋਂ ਇਨਕਾਰ ਕੀਤਾ ਹੈ। ਵਲਾਦੀਮੀਰ ਪੁਤਿਨ ਦੇ ਸਾਬਕਾ ਸਲਾਹਕਾਰ ਸਰਗੇਈ ਮਾਰਕੋਵ ਨੇ ਕਿਹਾ ਕਿ ਅਲੈਗਜ਼ੈਂਡਰ ਡੁਗਿਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਪਰ ਉਨ੍ਹਾਂ ਦੀ ਥਾਂਧੀ ਮਾਰੀ ਗਈ ਹੈ।

# ਮਹਿਬੂਬਾ ਮੁਫਤੀ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ



ਸ੍ਰੀਨਗਰ, 22 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇਦਾਅਵਾ ਕੀਤਾ ਹੈ ਕਿ ਉਸ ਨੂੰ ਕਸ਼ਮੀਰੀ ਪੰਡਤ ਸੁਨੀਲ ਕੁਮਾਰ ਭੱਟ ਦੇ ਪਰਵਾਰ ਨਾਲ ਮਿਲਣ ਤੋਂ ਰੋਕਣ ਲਈ ਘਰੇ ਨਜ਼ਰਬੰਦ ਕਰ ਦਿੱਤਾ ਗਿਆ ਹੈ। ਭੱਟ ਦਾ ਅੱਤਵਾਦੀਆਂ ਨੇ ਕੁਝ ਦਿਨ ਪਹਿਲਾਂ ਸ਼ੋਪੀਆਂ ਵਿੱਚ ਕਤਲ ਕਰ ਦਿੱਤਾ ਸੀ।

ਮਹਿਬੂਬਾ ਮੁਫਤੀ ਨੇ ਟਵਿੱਟਰ ਉੱਤੇ ਆਪਣੇ ਗੁਪਕਾਰ ਇਲਾਕੇ ਵਿਚਲੇ ਘਰ ਦੇ ਤਾਲੇ ਲੱਗੇ ਗੇਟਾਂ ਦੇ ਬਾਹਰ ਖੜ੍ਹੇ ਸੀ ਆਰ ਪੀ ਐਫ ਦੇ ਵਾਹਨਾਂ ਦੀਆਂ ਤਸਵੀਰਾਂ ਵੀ ਪਾਈਆਂ ਹਨ। ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਨੇ ਕਿਹਾ ਕਿ ਕੇਂਦਰ ਦੀਆਂ ਗਲਤ ਨੀਤੀਆਂ ਨਾਲ ਕਸ਼ਮੀਰੀ ਪੰਡਤ ਨਿਸ਼ਾਨਾ ਬਣ ਰਹੇ ਹਨ। ਉਨ੍ਹਾਂ ਟਵਿੱਟਰ ਉੱਤੇ ਲਿਖਿਆ, ''ਭਾਰਤ ਸਰਕਾਰ ਕਸ਼ਮੀਰੀ ਪੰਡਤਾਂ ਦੀਆਂ ਮੁਸ਼ਕਲਾਂ ਨੂੰ ਦਬਾਉਣਾ ਚਾਹੁੰਦੀ ਹੈ ਕਿਉਂਕਿ ਉਸ ਦੀਆਂ ਮਾੜੀਆਂ ਨੀਤੀਆਂ ਕਰਨ ਉਨ੍ਹਾਂ ਲੋਕਾਂ ਦੇ ਕਤਲ ਹੋ ਰਹੇ ਹਨ ਜਿਨ੍ਹਾਂ ਨੇ ਵਾਦੀ ਛੱਡਣ ਤੋਂ ਨਾਹ ਕਰ ਦਿੱਤੀ ਹੈ। ਜੇ ਸਾਡੇ ਵਰਗੇ ਮੁੱਖ ਧਾਰਾ ਦੇ ਲੋਕਾਂ ਨੂੰ ਉਨ੍ਹਾਂ ਦਾ ਦੁਸ਼ਮਣ ਦੱਸਿਆ ਜਾਂਦਾ ਹੈ ਤਾਂ ਫਿਰ ਅੱਜ ਮੈਨੂੰ ਘਰ ਵਿੱਚ ਨਜ਼ਰਬੰਦ ਕਿਉਂ ਕੀਤਾ ਹੈ।'' ਪੀ ਡੀ ਪੀ ਦੀ ਮੁਖੀ ਨੇ ਕਿਹਾ ਕਿ ਉਹ ਚੋਟੀਗਾਮ ਵਿੱਚ ਭੱਟ ਦੇ ਪਰਵਾਰ ਨੂੰ ਮਿਲਣਾ ਚਾਹੁੰਦੀ ਸੀ, ਪਰ ਪ੍ਰਸ਼ਾਸਨ ਨੇ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਨਾਕਾਮ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਸੁਰੱਖਿਆ ਲਈ ਇਹ ਕਦਮ ਉਠਾਇਆ ਗਿਆ ਹੈ, ਪਰ ਅਧਿਕਾਰੀ ਖੁਦ ਕਸ਼ਮੀਰ ਵਾਦੀ ਦੇ ਹਰ ਕੋਨੇ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ।

## ਰਿਸ਼ਵਤ ਲੈ ਕੇ ਠੇਕਾ ਦੇਣ ਉੱਤੇ ਦੋ ਫੌਜੀ ਅਧਿਕਾਰੀ ਗ੍ਰਿਫਤਾਰ

ਅੰਬਾਲਾ, 22 ਅਗਸਤ (ਪੋਸਟ ਬਿਊਰੋ)- ਜਾਂਚ ਏਜੰਸੀ ਸੀ ਬੀ ਆਈ ਨੇ ਫੌਜੀ ਖੇਤਰ ਵਿੱਚ ਕੰਮਾਂ ਦਾ ਠੇਕਾ ਦਿਵਾਉਣ ਲਈ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਸੀਨੀਅਰ ਬੈਰਕ ਸਟੋਰ ਅਫਸਰ ਲੈਫਟੀਨੈਂਟ ਕਰਨਲ ਰਾਹੁਲ ਪਵਾਰ ਤੇ ਸੂਬੇਦਾਰ ਮੇਜਰ ਪ੍ਰਦੀਪ ਕੁਮਾਰ ਨੂੰ ਗ੍ਰਿਫਤਾਰ ਕੀਤਾ ਹੈ। ਕੱਲ੍ਹ ਦੇਰ ਰਾਤ ਹੋਈ ਛਾਪੇਮਾਰੀ ਵਿੱਚ ਲੈਫਟੀਨੈਂਟ ਕਰਨਲ ਤੋਂ ਕਰੀਬ 32.50 ਲੱਖ ਰੁਪਏ ਅਤੇ ਕਈ ਅਹਿਮ ਦਸਤਾਵੇਜ਼ ਬਰਾਮਦ ਹੋਏ ਹਨ। ਜਾਂਚ ਏਜੰਸੀ ਨੇ ਠੇਕੇਦਾਰਾਂ ਦਿਨੇਸ਼ ਕੁਮਾਰ ਅਤੇ ਐਸ ਪ੍ਰੀਤਪਾਲ ਨੂੰ ਵੀ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਤੋਂ ਕਰੀਬ 16 ਲੱਖ ਰੁਪਏ ਮਿਲੇ ਹਨ।

ਸ਼ਨੀਵਾਰ ਰਾਤ ਕਰੀਬ ਸਾਢੇ 12 ਵਜੇ ਦੋ ਗੱਡੀਆਂ ਵਿੱਚ ਆਈ ਚੰਡੀਗੜ੍ਹ ਸੀ ਬੀ ਆਈ ਦੀ ਟੀਮ ਸਿੱਧੇ ਕਰਨਲ ਵਸੀਮ ਸਿੱਦੀਕੀ ਦੀ ਰਿਹਾਇਸ਼ ਉੱਤੇ ਪਹੁੰਚੀ, ਤਾਂ ਉਹ ਘਰ ਨਹੀਂ ਮਿਲੇ। ਇਸ ਦੇ ਬਾਅਦ ਸੀ ਬੀ ਆਈ ਅਧਿਕਾਰੀਆਂ ਨੇ ਲੈਫਟੀਨੈਂਟ ਕਰਨਲ ਰਾਹੁਲ ਪਵਾਰ, ਸੂਬੇਦਾਰ ਮੇਜਰ ਪ੍ਰਦੀਪ ਕੁਮਾਰ, ਠੇਕੇਦਾਰ ਦਿਨੇਸ਼ ਕੁਮਾਰ ਅਤੇ ਐਸ ਪ੍ਰੀਤਪਾਲ ਨੂੰ ਉਨ੍ਹਾਂ ਦੇ ਟਿਕਾਣਿਆਂ ਤੋਂ ਗ੍ਰਿਫਤਾਰ ਕਰ ਲਿਆ।

## ਪੰਜਾਬ ਤੇ ਦਿੱਲੀ ਦੇ 90 ਫੀਸਦੀ ਬੱਚਿਆਂ ਦੇ ਦਿੱਲ 'ਤੰਦਰੁਸਤ' ਨਹੀਂ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਜਿਵੇਂ ਜਿਵੇਂ ਖਾਣ-ਪੀਣ ਬਦਲ ਰਿਹਾ ਹੈ ਉਸ ਦਾ ਅਸਰ ਸਿੱਧਾ ਜੀਵਨ ਸ਼ੈਲੀ ਉੱਤੇ ਪੈਂਦਾ ਹੈ ਇਸ ਦਾ ਸਬੂਤ ਤਾਜ਼ਾ ਕੀਤੇ ਅਧਿਐਨ ਤੋਂ ਲਗਾਇਆ ਜਾ ਸਕਦਾ ਹੈ। ਬੱਚਿਆਂ ਉੱਤੇ ਕੀਤੀ ਗਈ ਇੱਕ ਖੋਜ ਤੋਂ ਪਤਾ ਲੱਗਾ ਹੈ ਕਿ ਪੰਜਾਬ ਅਤੇ ਦਿੱਲੀ ਦੇ 10 ਵਿੱਚੋਂ 9 ਬੱਚੇ ਅਜਿਹੇ ਹਨ, ਜਿਨ੍ਹਾਂ ਦੇ ਦਿੱਲ ਤੰਦਰੁਸਤ ਨਹੀਂ ਹਨ। ਵਰਨਣ ਯੋਗ ਹੈ ਕਿ ਬੱਚਿਆਂ ਦੀ ਜੀਵਨ ਸ਼ੈਲੀ ਉੱਤੇ ਕੀਤਾ ਇਹ ਆਪਣੀ ਕਿਸਮ ਦਾ ਪਹਿਲਾ ਅਧਿਐਨ ਹੈ ਜਿਸ ਵਿੱਚ ਬੱਚਿਆਂ ਦੇ ਦਿਲਾਂ ਨੂੰ ਸਿਹਤਮੰਦ ਰੱਖਣ ਵਾਲੀ ਜੀਵਨ ਸ਼ੈਲੀ ਦੀ ਘਾਟ ਦੇਖੀ ਗਈ ਹੈ। ਦਿਲ ਦੇ ਰੋਗਾਂ ਦੇ ਮਾਹਿਰ ਰਜਨੀਸ਼ ਕਪੂਰ ਨੇ ਇਸ ਅਧਿਐਨ ਤਹਿਤ 5 ਤੋਂ 18 ਸਾਲਾਂ ਦੇ 3,200 ਬੱਚਿਆਂ ਦਾ ਨਿਰੀਖਣ ਕੀਤਾ ਸੀ, ਜਿਸ ਵਿੱਚ ਉਨ੍ਹਾਂ ਦੱਸਿਆ ਕਿ ਹਰ ਬੱਚੇ ਤੋਂ ਪੁੱਛੇ ਗਏ ਸਵਾਲਾਂ ਦੇ ਜੁਆਬਾਂ ਦੇ ਆਧਾਰ ਉੱਤੇ ਉਨ੍ਹਾਂ ਨੂੰ ਇੱਕ ਸਕੋਰ ਦਿੱਤਾ ਗਿਆ। ਅਧਿਐਨ ਦੌਰਾਨ ਉਨ੍ਹਾਂ ਤੋਂ ਸਰੀਰਕ ਭਾਰ, ਸਰੀਰਕ ਗਤੀਵਿਧੀ, ਸੌਣ ਦੇ ਸਮੇਂ, ਨੀਂਦ ਦੇ ਘੰਟਿਆਂ, ਖਾਣ-ਪੀਣ ਦੀਆਂ ਆਦਤਾਂ ਤੇ ਨਸ਼ਿਆਂ ਦੇ ਸੇਵਨ ਬਾਰੇ ਪ੍ਰਸ਼ਨਾਂ ਦੇ ਜੁਆਬ ਦੇਣ ਲਈ ਕਿਹਾ ਗਿਆ ਸੀ। ਇਸ ਵਿੱਚੋਂ ਵੱਧ ਤੋਂ ਵੱਧ ਪ੍ਰਾਪਤ ਕੀਤੇ ਜਾ ਸਕਣ ਵਾਲੇ ਨੰਬਰ 100 ਰੱਖੇ ਗਏ ਸਨ। 70 ਤੋਂ 100 ਨੰਬਰ ਲੈਣ ਵਾਲੇ ਬੱਚਿਆਂ ਨੂੰ ਸਿਹਤਮੰਦ ਮੰਨਿਆ ਗਿਆ ਅਤੇ 40 ਤੋਂ ਘੱਟ ਨੰਬਰ ਲੈਣ ਵਾਲੇ ਵਰਗ ਨੂੰ ਚਿੰਤਾਜਨਕ ਮੰਨਿਆ ਗਿਆ।

# ਪਾਕਿ ਵਿੱਚ ਸਾਬਕਾ ਪੀ ਐਮ ਇਮਰਾਨ ਦੇ ਭਾਸ਼ਣਾਂ ਦੇ ਸਿੱਧੇ ਪ੍ਰਸਾਰਨ ਉਤੇ ਰੋਕ ਲੱਗੀ

ਇਸਲਾਮਾਬਾਦ, 22 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਭਾਸ਼ਣਾਂ ਦੇ ਲਾਈਵ ਪ੍ਰਸਾਰਨ ਉੱਤੇ ਰੋਕ ਲਾ ਦਿੱਤੀ ਹੈ। ਇਹ ਪਾਬੰਦੀ ਸਾਰੇ ਚੈਨਲਾਂ ਉੱਤੇ ਪ੍ਰਭਾਵ ਨਾਲ ਲਾਗੂ ਹੋ ਗਈ ਹੈ। ਸ਼ਾਹਬਾਜ਼ ਸ਼ਰੀਫ ਸਰਕਾਰ ਨੇ ਏਦਾਂ ਦੀ ਕਾਰਵਾਈ ਇਮਰਾਨ ਖਾਨ ਵੱਲੋਂ ਪਾਕਿਸਤਾਨ ਦੀਆਂ ਸੰਸਥਾਵਾਂ ਅਤੇ ਅਧਿਕਾਰੀਆਂ ਨੂੰ ਧਮਕਾਉਣ ਤੇ ਸਰਕਾਰ ਵਿਰੁੱਧ ਪ੍ਰਚਾਰ ਦੇ ਦੋਸ਼ ਵਿੱਚ ਕੀਤੀ ਹੈ।ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਦੇ ਪ੍ਰਧਾਨ ਇਮਰਾਨ ਖਾਨ ਨੇ ਬੀਤੇ ਦਿਨੀਂ ਇਸਲਾਮਾਬਾਦ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਦੇਸ਼ ਧਰੋਹ ਦੇ ਦੋਸ਼ ਵਿੱਚ ਬੀਤੇ ਹਫਤੇ ਗ੍ਰਿਫਤਾਰ ਕੀਤੇ ਗਏ ਆਪਣੇ ਸਹਿਯੋਗੀ ਸ਼ਾਹਬਾਜ਼ ਗਿੱਲ ਦੇ ਸ਼ੋਸ਼ਣ ਦਾ ਦੋਸ਼ ਲਾਉਂਦੇ ਹੋਏ ਉਚ



ਅਧਿਕਾਰੀਆਂ, ਇੱਕ ਔਰਤ ਮੈਜਿਸਟਰੇਟ, ਪਾਕਿਸਤਾਨ ਦੇ ਚੋਣ ਕਮਿਸ਼ਨ ਅਤੇ ਸਿਆਸੀ ਵਿਰੋਧੀਆਂ ਖਿਲਾਫ ਕੇਸ ਦਰਜ ਕਰਨ ਦੀ ਧਮਕੀ ਦਿੱਤੀ ਸੀ।

ਇਸ ਦੌਰਾਨ ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ (ਪੀ ਈ ਐਮ ਆਰ ਏ) ਨੇ ਕੱਲ ਦਿੱਤੇ ਬਿਆਨ ਵਿੱਚ ਕਿਹਾ ਹੈ ਕਿ ਵਾਰ-ਵਾਰ ਹਿਦਾਇਤਾਂ ਦੇਣ ਪਿੱਛੋਂ ਵੀ ਨਿਊਜ਼ ਚੈਨਲ ਸਰਕਾਰ ਵਿਰੋਧੀ ਗੱਲਾਂ ਦਾ ਪ੍ਰਸਾਰਨ ਕਰ ਰਹੇ ਹਨ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੇ ਭਾਸ਼ਣਾਂ ਅਤੇ ਬਿਆਨਾਂ ਰਾਹੀਂ ਸਰਕਾਰ ਦੇ ਖਿਲਾਫ ਜਨਤਾ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੀ ਈ ਐਮ ਆਰ ਏ ਨੇ ਕਿਹਾ ਕਿ ਉਨ੍ਹਾਂ ਦੇ ਭਾਸ਼ਣ ਸੰਵਿਧਾਨ ਦੇ ਐਕਟ 19 ਤੇ ਮੀਡੀਆ ਜ਼ਾਬਤਾ ਦੀ ਉਲੰਘਣਾ ਕਰਦੇ ਹਨ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੱਤਾਧਾਰੀ ਪਾਰਟੀ ਨਾਲ ਸਮਝੌਤਾ ਨਹੀਂ ਕਰੇਗੀ।ਪਾਕਿਸਤਾਨ ਦੀ ਸ਼ਾਹਬਾਜ਼ ਸ਼ਰੀਫ ਸਰਕਾਰ ਨੇ ਇਮਰਾਨ ਖਾਨ ਉੱਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਾਬਕਾਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਇਸਲਾਮਬਾਦ ਵਿੱਚ ਬੀਤੇ ਦਿਨੀਂ ਕੀਤੇ ਭਾਸ਼ਣ ਦੌਰਾਨ ਆਈ ਜੀ, ਡੀ ਆਈ ਜੀ ਤੇ ਇੱਕ ਜੱਜ ਨੂੰ ਧਮਕਾਉਣ ਦਾ ਦੋਸ਼ ਲਾਇਆ ਗਿਆ। ਇਸ ਤੋਂ ਬਾਅਦ ਉਨ੍ਹਾਂ ਖਿਲਾਫ ਅੱਤਵਾਦ ਰੋਕੂ ਐਕਟ ਦਾਕੇਸਵੀ ਦਰਜ ਕੀਤਾ ਗਿਆ ਹੈ।

# 16 ਸਾਲ ਤੋਂ ਆਸਟ੍ਰੇਲੀਆ ਵੱਸਦਾ ਸਿੱਖ ਜੋੜਾ ਡਿਪੋਰਟ ਕੀਤਾ ਜਾਵੇਗਾ



ਐਡੀਲੇਡ, 22 ਅਗਸਤ (ਪੋਸਟ ਬਿਊਰੋ)- ਬੀਤੇ 16 ਸਾਲਾਂ ਤੋਂ ਆਸਟ੍ਰੇਲੀਆ ਵੱਸਦੇ ਇੱਕ ਸਿੱਖ ਜੋੜੇ ਨੂੰ ਸਰਕਾਰ ਨੇ ਡਿਪੋਰਟ ਕਰਨ ਲਈ 30 ਸਤੰਬਰ ਤਕ ਆਸਟ੍ਰੇਲੀਆ ਛੱਡਣ ਦਾ ਹੁਕਮ ਕੀਤਾ ਹੈ। ਇਸ ਪਿੱਛੋਂ ਗੁਰਿੰਦਰਜੀਤ ਸਿੰਘ ਜੱਸੜ ਖ਼ਾਲਸਾ ਏਡ ਵੱਲੋਂ ਆਪਣੇ ਸਾਥੀਆਂ ਅਤੇ ਹੋਰਨਾਂ ਧਾਰਮਿਕ-ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਪਟੀਸ਼ਨ ਦਾਇਰ ਕਰਨ ਲਈ ਦਸਤਖ਼ਤੀ ਮੁਹਿੰਮ ਚਲਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਜਲੰਧਰ ਦੇ ਨੇੜਲੇ ਪਿੰਡ ਕੰਬੋਆ ਦੀ ਵਸਨੀਕ ਨਵਨਿੰਦਰ ਕੌਰ 2007 ਵਿੱਚ ਸਟੱਡੀ ਵੀਜ਼ੇ ਉੱਤੇ ਸਿਡਨੀ ਪੁੱਜੀ ਅਤੇ ਉਸ ਦਾ ਵਿਆਹ 2008 ਵਿੱਚ ਵਿਕਰਮਜੀਤ ਸਿੰਘ ਨਾਲ ਹੋਇਆ ਤੇ ਉਹ 2017 ਤਕ ਸਿਡਨੀ ਵਿੱਚ ਪੱਕੇ ਹੋਣ ਲਈ ਧੋਖੇਬਾਜ਼ ਵਕੀਲਾਂ ਦੇ ਚੁੰਗਲ ਵਿੱਚ ਫਸਦੇ ਗਏ, ਜਿਨ੍ਹਾਂ ਵਿੱਚੋਂ ਇੱਕ ਵਕੀਲ ਤੀਹ ਹਜ਼ਾਰ ਡਾਲਰ ਲੈ ਕੇ ਫ਼ਰਾਰ ਹੋ ਗਿਆ। ਮਾਰਚ 2017 ਵਿੱਚ ਉਕਤ ਜੋੜੇ ਨੇ ਵੂਲਗੂਲਗਾ, ਜੋ ਐਡੀਲੇਡ ਤੋਂ 100 ਕਿਲੋਮੀਟਰ ਦੂਰ ਹੈ, ਵਿਖੇ ਆਪਣਾ ਰੈਸਟੋਰੈਂਟ ਖੋਲ੍ਹ ਕੇ ਕੰਮ ਸ਼ੁਰੂ ਕੀਤਾ। ਮੈਡੀਕਲ ਮੁਸ਼ਕਲਾਂ ਕਰਕੇ ਇਹ ਜੋੜਾ ਸੰਤਾਨ ਪ੍ਰਾਪਤੀ ਤੋਂ ਵਾਂਝਾ ਰਿਹਾ ਪਰ 19 ਪਾਲਤੂ ਜਾਨਵਰਾਂ ਦੀ ਦੇਖ-ਰੇਖ ਘਰ ਵਿੱਚ ਆਪਣੇ ਬੱਚਿਆਂ ਵਾਂਗ ਕਰ ਰਿਹਾ ਹੈ। ਇਸ ਜੋੜੇ ਵੱਲੋਂ ਸਮਾਜ ਭਲਾਈ ਦੇ ਕੀਤੇ ਜਾ ਰਹੇ ਹੋਰਨਾਂ ਕੰਮਾਂ ਦੀ ਵੀ ਸਮਾਜ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

## ਡੋਮੀਨੋਜ਼ ਦੀ ਨੌਕਰੀ ਦੀ ਇੰਟਰਵਿਊ ਵੇਲੇ ਔਰਤ ਨੂੰ ਉਮਰ ਪੁੱਛੀ ਤਾਂ ਕੇਸ ਕਰ ਦਿੱਤਾ



ਲੰਡਨ, 22 ਅਗਸਤ (ਪੋਸਟ ਬਿਊਰੋ)- ਸਭ ਕੁਝ ਪੁੱਛਣਾ, ਪਰ ਉਮਰ ਨਹੀਂ। ਉਮਰ ਪੁੱਛੀ ਤਾਂ ਲੈਣੇ ਦੇ ਦੇਣੇ ਪੈ ਸਕਦੇ ਹਨ। ਇਹ ਚਿਤਾਵਨੀ ਉਨ੍ਹਾਂ ਕੰਪਨੀਆਂ ਲਈ ਹੈ ਜੋ ਔਰਤਾਂ ਤੋਂ ਕੁਝ ਵੀ ਪੁੱਛ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਉਮਰ ਵੀ। ਦੁਨੀਆ ਵਿੱਚ ਪੀਜ਼ਾ ਬਣਾਉਣ ਲਈ ਮਸ਼ਹੂਰ ਡੋਮੀਨੋਜ਼ ਨੂੰ ਇੱਕ ਔਰਤ ਕੋਲੋਂ ਉਸ ਦੀ ਉਮਰ ਪੁੱਛਣੀ ਭਾਰੀ ਪੈ ਗਈ ਹੈ। ਔਰਤ ਨੇ ਇਸ ਲਈ ਕੰਪਨੀ ਉੱਤੇ ਮੁਕੱਦਮਾ ਕਰ ਦਿੱਤਾ ਹੈ। ਘਬਰਾਈ ਕੰਪਨੀ ਨੇ ਕਿਸੇ ਤਰ੍ਹਾਂ ਮੁਆਫ਼ੀ ਮੰਗ ਕੇ ਕੇਸ ਨੂੰ ਰਫਾ-ਦਫਾ ਕੀਤਾ ਅਤੇ ਤਿੰਨ ਲੱਖ ਰੁਪਏ ਮੁਆਵਜ਼ਾ ਵੀ ਦਿੱਤਾ ਹੈ।

ਆਇਰਲੈਂਡ ਦੀ ਔਰਤ ਨੇ ਉਮਰ ਤੇ ਲਿੰਗ ਦੇ ਆਧਾਰ ਉੱਤੇ ਵਿਤਕਰਾ ਕਰਨ ਦਾ ਦੋਸ਼ ਲਾਇਆ ਅਤੇ ਡੋਮੀਨੋਜ਼ ਉੱਤੇਕੇਸ ਕੀਤਾ ਸੀ। ਜੇਨਿਸ ਵਾਲਸ਼ ਨਾਂਅ ਦੀਔਰਤ ਨੇ ਖੁਲਾਸਾ ਕੀਤਾ ਕਿ ਉਸ ਤੋਂ ਪਹਿਲਾ ਸਵਾਲ ਉਸਦੀ ਉਮਰ ਬਾਰੇ ਪੁੱਛਿਆ ਗਿਆ ਸੀ। ਇਹ ਇੰਟਰਵਿਊ ਪੀਜ਼ਾ ਕੰਪਨੀ ਦੀ ਬ੍ਰਾਂਚ ਵਿੱਚ ਡਲਿਵਰੀ ਡਰਾਈਵਰ ਅਹੁਦੇ ਲਈ ਸੀ। ਇਹ ਬ੍ਰਾਂਚ ਕੰਟਰੀ ਟਾਈਰੋਨ ਦੇ ਸਟ੍ਰਾਬੇਨ ਵਿੱਚ ਹੈ। ਔਰਤ ਨੇ ਦਾਅਵਾ ਕੀਤਾ ਕਿ ਸਵਾਲ ਪੁੱਛਣ ਤੋਂ ਬਾਅਦ ਇੰਟਰਵਿਊ ਲੈਣ ਵਾਲਿਆਂ ਨੇ ਉਸ ਦੀ ਉਮਰ ਲਿਖ ਕੇ ਉਸ ਉੱਤੇ ਗੋਲਾ ਲਾ ਦਿੱਤਾ। ਫਿਰ ਉਸ ਨੂੰ ਕਿਹਾ ਗਿਆ ਕਿ ਉਸ ਦੀ ਉਮਰ ਉਨੀ ਨਹੀਂ ਲੱਗਦੀ, ਜਿੰਨੀ ਉਹ ਦੱਸਦੀ ਹੈ। ਬਾਅਦ ਵਿੱਚ ਇਸ ਬਾਰੇ ਪਤਾ ਲੱਗਾ ਤਾਂ ਉਸ ਨੂੰ ਯਕੀਨ ਹੋ ਗਿਆ ਕਿ ਇਸ ਵਿੱਚ ਉਸ ਦੀ ਉਮਰ ਤੇ ਲਿੰਗ ਦਾ ਮਸਲਾ ਸੀ।ਵਾਲਸ਼ ਨੇ ਫੇਸਬੁੱਕ ਰਾਹੀਂ ਬ੍ਰਾਂਚ ਨਾਲ ਸੰਪਰਕ ਕੀਤਾ ਤੇ ਇੰਟਰਵਿਊ ਦੌਰਾਨ ਆਪਣੇ ਨਾਲ ਹੋਏ ਵਿਤਕਰੇ ਬਾਰੇ ਦੱਸਿਆ। ਉਸ ਨੂੰ ਇੰਟਰਵਿਊ ਪੈਨਲ ਤੋਂ ਮੁਆਫ਼ੀ ਨਾਮਾ ਵੀ ਮਿਲਿਆ ਹੈ, ਜਿਸ ਵਿੱਚ ਕਿਹਾ ਗਿਆ ਕਿ ਪੈਨਲ ਉੱਤੇ ਇੰਟਰਵਿਊ ਲੈਣ ਵਾਲੇ ਇੱਕ ਸ਼ਖ਼ਸ ਨੂੰ ਇਹ ਨਹੀਂ ਪਤਾ ਸੀ ਕਿ ਇੰਟਰਵਿਊ ਵਿੱਚ ਕਿਸੇ ਔਰਤ ਦੀ ਉਮਰ ਪੁੱਛਣਾ ਸਹੀ ਨਹੀਂ।ਵਾਲਸ਼ ਨੇ ਇਹ ਮਹਿਸੂਸ ਕੀਤਾ ਕਿ ਉਸ ਨੂੰ ਡਰਾਈਵਰ ਦੇ ਅਹੁਦੇ ਲਈ ਸਿਰਫ਼ ਇਸ ਲਈ ਯੋਗ ਨਹੀਂ ਮੰਨਿਆ ਗਿਆ ਕਿ ਉਹ ਔਰਤ ਹੈ। ਉਸ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ਼ ਮਰਦਾਂ ਨੂੰ ਡਰਾਈਵਰਾਂ ਦੇ ਰੂਪ ਵਿੱਚ ਦੇਖਿਆ ਹੈ। ਸ਼ਾਇਦ ਏਸੇ ਲਈ ਉਸ ਨੂੰ ਇਸ ਅਹੁਦੇ ਦੇ ਯੋਗ ਨਹੀਂ ਸਮਝਿਆ ਗਿਆ। ਇੰਟਰਵਿਊ ਹੋਣ ਤੋਂ ਬਾਅਦ ਵੀ ਡੋਮੀਨੋਜ਼ਨੇ ਡਰਾਈਵਰ ਦੇ ਅਹੁਦੇ ਲਈ ਇਸ਼ਤਿਹਾਰ ਦੇਣਾ ਜਾਰੀ ਰੱਖਿਆ।ਇਸ ਪਿੱਛੋਂ ਵਾਲਸ਼ ਨੇ ਕਾਨੂੰਨੀ ਰਸਤਾ ਅਪਣਾਇਆ। ਉਸ ਦੇ ਦਾਅਵੇ ਦਾ ਉਤਰੀ ਆਇਰਲੈਂਡ ਇਕਵੈਲਿਟੀ ਕਮਿਸ਼ਨ ਨੇ ਸਮਰਥਨ ਕੀਤਾ ਤੇ ਕਮਿਸ਼ਨ ਦੀ ਸੀਨੀਅਰ ਲਾਅ ਅਫ਼ਸਰ ਮੈਰੀ ਕਿਟਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਭਰਤੀ ਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੋਕਾਂ ਕੋਲ ਕਿਸ ਤਰ੍ਹਾਂ ਦੇ ਅਧਿਕਾਰ ਹਨ।

# ਜੰਮੂ-ਕਸ਼ਮੀਰ ਪਿੱਛੋਂ ਹਿਮਾਚਲ ਵਿੱਚ ਵੀ ਕਾਂਗਰਸ ਨੂੰ ਝਟਕਾ

* ਆਨੰਦ ਸ਼ਰਮਾ ਨੇ ਸਟੀਅਰਿੰਗ ਕਮੇਟੀ ਦੀ ਚੇਅਰਮੈਨੀ ਛੱਡੀ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਪਾਰਟੀ ਦੇ ਸੀਨੀਅਰ ਆਗੂ ਆਨੰਦ ਸ਼ਰਮਾ ਨੇ ਹਿਮਾਚਲ ਲਈ ਬਣਾਈ ਗਈ ਸਟੀਅਰਿੰਗ ਕਮੇਟੀ ਦੀ ਚੇਅਰਮੈਨੀ ਤੋਂ ਕੱਲ੍ਹ ਅਸਤੀਫਾ ਦੇ ਕੇ ਚੋਣ ਪ੍ਰਕਿਰਿਆ ਤੋਂ ਕਿਨਾਰਾ ਕਰ ਲਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਲਿਖੀ ਚਿੱਠੀ ਵਿੱਚ ਆਨੰਦ ਸ਼ਰਮਾ ਨੇ ਕਿਹਾ ਹੈ ਕਿ ਉਹ ਆਤਮ ਸਨਮਾਨ ਨਾਲ ਸਮਝੌਤਾ ਨਹੀਂ ਕਰ ਸਕਦੇ, ਜਿਸ ਕਰ ਕੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਵਰਨਣ ਯੋਗ ਹੈ ਕਿ ਆਨੰਦ ਸ਼ਰਮਾ ਨੇ ਓਦੋਂ ਅਹੁਦੇ ਤੋਂ ਅਸਤੀਫਾ ਦਿੱਤਾ ਹੈ, ਜਦੋਂ ਜੀ 23 (ਕਾਂਗਰਸ ਦੇ ਨਾਰਾਜ਼ ਆਗੂਆਂ ਦਾ ਧੜਾ) ਦੇ ਇੱਕ ਚਰਚਿਤ ਆਗੂ ਗੁਲਾਮ ਨਬੀ ਆਜ਼ਾਦ ਨੇ ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਦੀ ਪ੍ਰਚਾਰ ਕਮੇਟੀ ਦੀ ਚੇਅਰਮੈਨੀ ਤੋਂ ਅਸਤੀਫਾ ਦਿੱਤਾ ਸੀ। ਸ਼ਰਮਾ ਨੇ ਕਾਂਗਰਸ ਪ੍ਰਧਾਨ ਨੂੰ ਕਿਹਾ ਹੈ ਕਿ ਵਿਚਾਰ ਵਟਾਂਦਰੇ ਦੀ ਪ੍ਰਕਿਰਿਆ ਮੌਕੇ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਚਿੱਠੀ ਵਿੱਚ ਆਨੰਦ ਸ਼ਰਮਾ ਨੇ ਲਿਖਿਆ ਹੈ ਕਿ ਪਾਰਟੀ ਦੀ ਕਿਸੇ ਵੀ ਮੀਟਿੰਗ ਵਿੱਚ ਨਾ ਸੱਦਣ ਕਰ ਕੇ ਉਨ੍ਹਾਂ ਦੇ ਆਤਮ ਸਨਮਾਨ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਉਹ ਹਿਮਾਚਲ ਪ੍ਰਦੇਸ਼ ਵਿੱਚ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਜਾਰੀ ਰੱਖਣਗੇ। ਸਾਬਕਾ ਕੇਂਦਰੀ ਮੰਤਰੀ ਅਤੇ ਰਾਜ ਸਭਾ ਵਿੱਚ ਕਾਂਗਰਸ ਦੇ ਉਪ ਆਗੂ ਆਨੰਦ ਸ਼ਰਮਾ ਨੂੰ 26 ਅਪ੍ਰੈਲ ਨੂੰ ਹਿਮਾਚਲ ਪ੍ਰਦੇਸ਼ ਵਿੱਚ ਸਟੀਅਰਿੰਗ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਸੀ।

# ਬੰਦ ਕੀਤੇ ਯੂ-ਟਿਊਬ ਚੈਨਲ ਫਿਰਕੂ ਨਫਰਤ ਤੇ ਡਰ ਪੈਦਾ ਕਰਦੇ ਰਹੇ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਬੰਦ ਕੀਤੇ ਗਏ 102 ਯੂ-ਟਿਊਬ ਚੈਨਲ ਭਾਰਤ ਬਾਰੇ ਕਈ ਤਰ੍ਹਾਂ ਦੀ ਝੂਠੀ ਜਾਣਕਾਰੀ ਫੈਲਾਅ ਰਹੇ ਸਨ ਅਤੇ ਇਨ੍ਹਾਂ ਨੂੰ ਦੇਖਣ ਵਾਲਿਆਂ (ਸਬਸਕ੍ਰਾਈਬਰ) ਦੀ ਗਿਣਤੀ ਲੱਖਾਂ ਵਿੱਚ ਸੀ। ਅਧਿਕਾਰੀਆਂ ਮੁਤਾਬਕ ਇਹ ਝੂਠੀਆਂ ਖਬਰਾਂ ਤੋਂ ਪੈਸੇ ਕਮਾ ਰਹੇ ਸਨ। ਇਨ੍ਹਾਂ ਵਿੱਚੋਂ ਕਈਆਂ ਉਤੇ ਦੇਸ਼ ਵਿੱਚ ਐਟਮੀ ਧਮਾਕਾ ਹੋਣ ਤੇ ਉਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਵੱਲੋਂ ਅਯੁੱਧਿਆ ਵਿੱਚ ਸੈਨਾ ਭੇਜਣ ਜਿਹੀਆਂ ਝੂਠੀਆਂ ਜਾਣਕਾਰੀਆਂ ਵੀ ਪਾਈਆ ਜਾ ਰਹੀਆਂ ਸਨ।

ਵਰਨਣ ਯੋਗ ਹੈ ਕਿ ਸਰਕਾਰ ਨੇ ਪਿਛਲੇ ਸਾਲ ਦਸੰਬਰ ਤੋਂ ਅਜਿਹੇ ਚੈਨਲਾਂ ਖਿਲਾਫ ਕਾਰਵਾਈ ਵਿੱਢੀ ਸੀ। ਇਸ ਲਈ ਸੂਚਨਾ ਤਕਨੀਕ ਨਿਯਮਾਂ, 2021 ਹੇਠ ਐਮਰਜੰਸੀ ਤਾਕਤਾਂ ਦੀ ਵਰਤੋਂ




ਕੀਤੀ ਗਈ ਹੈ। ਇਹ ਨਿਯਮ ਸਰਕਾਰ ਨੇ ਪਿਛਲੇ ਸਾਲ ਫਰਵਰੀ ਵਿੱਚ ਲਾਗੂ ਕੀਤੇ ਸਨ। ਯੂ-ਟਿਊਬ ਚੈਨਲਾਂ ਤੋਂ ਇਲਾਵਾ ਕਈ ਵੈਬਸਾਈਟਾਂ ਅਤੇ ਸੋਸ਼ਲ ਮੀਡੀਆ ਅਕਾਊਂਟਾਂ ਵਿਰੁੱਧ ਵੀ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਵੱਲੋਂ ਕਈ ਮਸ਼ਹੂਰ ਟੀ ਵੀ ਚੈਨਲਾਂ ਦੇ ਲੋਗੋ ਤੇ ਹੋਰ ਰਲਦੀ-ਮਿਲਦੀ ਸਮੱਗਰੀ ਵਰਤੀ ਜਾਂਦੀ ਸੀ ਤਾਂ ਕਿ ਦੇਖਣ ਵਾਲਿਆਂ ਨੂੰ ਅਸਲੀ ਲੱਗਣ। ਖੁਫੀਆ ਏਜੰਸੀਆਂ ਇਨ੍ਹਾਂ ਵੈਬਸਾਈਟਾਂ ਅਤੇ ਚੈਨਲਾਂ ਉਤੇ ਨਿਗਰਾਨੀ ਰੱਖਦੀਆਂ ਸਨ। ਇਹ ਚੈਨਲ ਜਾਅਲੀ ਖਬਰਾਂ ਤੇ ਇਸ਼ਤਿਹਾਰਾਂ ਦੇ ਸਿਰ ਉਤੇ ਕਮਾਈ ਕਰ ਰਹੇ ਸਨ। ਪਿਛਲੇ ਵੀਰਵਾਰ ਅੱਠ ਯੂ-ਟਿਊਬ ਚੈਨਲਾਂ ਉਤੇ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਵਿੱਚ ਇੱਕ ਪਾਕਿਸਤਾਨੀ ਚੈਨਲ ਵੀ ਸੀ। ਕਈ ਚੈਨਲਾਂ ਉਤੇ 'ਭਾਰਤ ਵਿੱਚ ਬਕਰੀਦ ਉੱਤੇ ਪਾਬੰਦੀ ਲੱਗਣ', 'ਅਜਮੇਰ ਦਰਗਾਹ ਉਤੇ ਹਮਲੇ', 'ਮੰਦਰ ਉਤੇ ਇਸਲਾਮਿਕ ਝੰਡਾ ਚੜ੍ਹਾਉਣ ਜਿਹੀਆਂ ਝੂਠੀਆਂ ਖਬਰਾਂ ਮੌਜੂਦ ਸਨ।

## ਪਾਕਿਸਤਾਨ 'ਚ ਗੁਰਸਿੱਖ ਟੀਚਰ ਕੁੜੀ ਨੂੰ ਮੁਸਲਮਾਨ ਬਣਾ ਕੇ ਚੋਰੀ ਨਿਕਾਹ ਪੜ੍ਹਾਇਆ

ਲਾਹੌਰ, 22 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਜ਼ਿਲ੍ਹਾ ਬੁਨੇਰ ਦੇ ਇਲਾਕੇ ਪੀਰ ਬਾਬਾ ਵਿਖੇ ਇੱਕ ਦਿਨ ਪਹਿਲਾਂ ਸਿੱਖ ਸਮਾਜ ਦੀ ਟੀਚਰ ਕੁੜੀ ਨੂੰ ਅਗਵਾ ਕੀਤਾ ਗਿਆ ਤੇ ਦੂਜੇ ਦਿਨ ਪਰਵਾਰ ਨੂੰ ਉਸ ਦੇ ਨਿਕਾਹ ਹੋਣ ਦੀ ਸੂਚਨਾ ਦੇ ਦਿੱਤੀ ਗਈ। ਇਸ ਬਾਰੇ ਸਿੱਖਾਂ ਵਿੱਚ ਭਾਰੀ ਰੋਸ ਹੈ।

ਮਿਲੀ ਜਾਣਕਾਰੀ ਮੁਤਾਬਕ ਸਿੱਖ ਅਧਿਆਪਕਾ ਦੀਨ ਕੌਰ ਨੂੰ ਬੀਤੇ ਦਿਨੀਂ ਅਗਵਾ ਕੀਤਾ ਗਿਆ ਅਤੇ ਫਿਰ ਉਸ ਦੇ ਪਰਵਾਰ ਨੂੰ ਦੱਸਿਆ ਗਿਆ ਕਿ ਦੀਨ ਕੌਰ ਦਾ ਵਿਆਹ ਹੋ ਗਿਆ ਹੈ। ਘਟਨਾ ਪਿੱਛੋਂ ਪਰਵਾਰ ਵਾਲੇ ਥਾਣੇ ਗਏ, ਪਰ ਓਥੇ ਸੁਣਵਾਈ ਨਹੀਂ ਹੋਈ। ਪਰਵਾਰ ਨੇ ਕਿਹਾ ਕਿ ਸਥਾਨਕ ਪੁਲਸ ਨੇ ਕੇਸ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਖਾਂ ਨੂੰ ਚੁੱਪ ਰਹਿਣ ਲਈ ਕਿਹਾ। ਇਸ ਬਾਰੇ ਪਾਕਿ-ਸਤਾਨ ਦੇ ਜ਼ਿਲ੍ਹਾ ਬੁਨੇਰ ਤੋਂ ਗੁਮਸ਼ੁਦਾ ਲੜਕੀ ਦੀਨ ਕੌਰ ਦੇ ਪਿਤਾ ਗੁਰਚਰਨ ਸਿੰਘ, ਜੋ ਹੈਲਥ ਵਿਭਾਗ ਪਾਕਿਸਤਾਨ ਵਿੱਚੋਂ ਸੇਵਾ-



ਮੁਕਤ ਹੋਏ ਹਨ, ਨੇ ਡੀ ਸੀ ਦਫ਼ਤਰ ਬੁਨੇਰ ਦੇ ਸਾਹਮਣੇ ਸਿੱਖ ਸੰਗਤਾਂ ਵਿੱਚ ਕਿਹਾ ਕਿ ਉਨ੍ਹਾਂ ਦੀ ਲੜਕੀ ਨੂੰ ਜ਼ਿਲ੍ਹਾ ਬੁਨੇਰ ਦੀ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਗੁੰਮ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਆਪਣੀ ਲੜਕੀ ਦੀ ਰਿਹਾਈ ਲਈ ਉਹ ਪਿਛਲੇ ਕਈ ਘੰਟਿਆਂ ਤੋਂ ਯਤਨ ਕਰ ਰਹੇ ਹਨ, ਪ੍ਰੰਤੂ ਪੁਲਸ ਉਨ੍ਹਾਂ ਨੂੰ ਇਨਸਾਫ਼ ਨਹੀਂ ਦਿਵਾ ਰਹੀ ਜਿਸ ਲਈ ਉਨ੍ਹਾਂ ਨੂੰ ਪਾਕਿਸਤਾਨ ਤੋਂ ਇਲਾਵਾ ਹੋਰ ਵੱਖ-ਵੱਖ ਮੁਲਕਾਂ ਵਿੱਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਲੜਕੀ ਦੇ ਲਾਪਤਾ ਹੋਣ ਸਬੰਧੀ ਤੇ ਲੜਕੀ ਦੀ ਰਿਹਾਈ ਲਈ ਉਨ੍ਹਾਂ ਦਾ ਸਾਥ ਦੇਣ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਲੜਕੀ ਦਾ ਵਿਆਹ ਅਗੇ ਕੁਝ ਦਿਨਾਂ ਵਿੱਚ ਹੋਣ ਵਾਲਾ ਸੀ, ਜਿਸ ਕਰ ਕੇ ਜਾਣ ਬੁੱਝ ਕੇ ਉਨ੍ਹਾਂ ਦੇ ਗੁਆਂਢੀ ਲੜਕੇ ਨੇ ਉਨ੍ਹਾਂ ਦੀ ਕੁੜੀ ਨੂੰ ਜਾਲ ਵਿੱਚ ਫਸਾ ਕੇ ਗੁਮਰਾਹ ਕਰ ਕੇ ਆਪਣੀ ਗ੍ਰਿਫ਼ਤ ਵਿੱਚ ਰੱਖਿਆ ਹੈ। ਲੜਕੀ ਦੇ ਪਿਤਾ ਗੁਰਚਰਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਵੀ ਮੰਗ ਕੀਤੀ ਕਿ ਉਨ੍ਹਾਂ ਦੀ ਲੜਕੀ ਦੀ ਗੁਮਸ਼ੁਦਗੀ ਲਈ ਉਹ ਪਾਕਿਸਤਾਨ ਸਰਕਾਰ ਉੱਤੇ ਦਬਾਅ ਬਣਾਉਣ ਤਾਂ ਜੋ ਉਨ੍ਹਾਂ ਦੀ ਨੌਜਵਾਨ ਲੜਕੀ ਦੀਨ ਕੌਰ ਉਨ੍ਹਾਂ ਨੂੰ ਵਾਪਸ ਮਿਲ ਸਕੇ।



# ਅਜਾਦੀ ਘੁਲਾਟੀਆਂ ਨੇ ਕੈਬਨਿਟ ਮੰਤਰੀ ਫੌਜਾ ਸਿੰਘ ਨਾਲ ਕੀਤੀ ਮੁਲਾਕਾਤ





## ਅਜਾਦੀ ਘੁਲਾਟੀਆਂ ਦੀਆਂ ਮੰਗਾਂ ਨੂੰ ਪ੍ਰਮੁੱਖਤਾ ਨਾਲ ਵਿਚਾਰਨ ਦੀ ਕੀਤੀ ਮੰਗ

ਗੁਰੂ ਹਰ ਸਹਾਏ, 22 ਅਗਸਤ (ਗਿਆਨ ਸਿੰਘ) ਅਖਿਲ ਭਾਰਤੀ ਸਵਤੰਤਰਤਾ ਸੈਨਾਨੀ ਅਤੇ ਉਤਰਾਅਧਿਕਾਰੀ ਸੰਯੁਕਤ ਸੰਗਠਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਸੰਘਾ ਦੀ ਅਗਵਾਈ ਵਿੱਚ ਅਜਾਦੀ ਘੁਲਾਟੀਆਂ ਦਾ ਇੱਕ ਵਫ਼ਦ ਗੁਰਹਰਸਹਾਏ (ਫਿਰੋਜ਼ਪੁਰ) ਵਿਖੇ ਸੰਗਤ ਦਰਸ਼ਨ ਦੌਰਾਨ ਸ. ਫੌਜਾ ਸਿੰਘ ਸਰਾਰੀ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ । ਇਸ ਮੁਲਾਕਾਤ ਦੌਰਾਨ ਵਫਦ ਦੇ ਪ੍ਰਧਾਨ ਗੁਰਚਰਨ ਸਿੰਘ ਸੰਘਾ ਨੇ ਦੱਸਿਆ ਕਿ ਅਜਾਦੀ ਘੁਲਾਟੀਆਂ ਨੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ 300 ਯੁਨਿਟ ਪ੍ਰਤੀ ਮਹੀਨਾ ਮਿਲਣ ਵਾਲੀ ਮੁਫਤ ਬਿਜਲੀ ਲਈ ਜੋ "ਸਵੈ ਘੋਸ਼ਨਾ ਪੱਤਰ" ਬਣਾਇਆ ਹੈ ਉਹ ਅਜਾਦੀ ਘੁਲਾਟੀਆਂ ਨੂੰ ਮੰਜੂਰ ਨਹੀਂ। ਉਨ੍ਹਾਂ ਕੈਬਨਿਟ ਮੰਤਰੀ ਸ. ਫੌਜਾ ਸਿੰਘ ਸਰਾਰੀ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਸਵੈਘੋਸ਼ਨਾ ਪੱਤਰ ਵਿੱਚ ਕਈ ਤਰ੍ਹਾਂ ਦੀਆਂ ਸ਼ਰਤਾ ਰੱਖੀਆਂ ਗਈਆਂ ਹਨ ਜੋ ਅਜਾਦੀ ਘੁਲਾਟੀਆਂ ਦੇ ਪਰਿਵਾਰਾਂ ਤੇ ਲਾਗੂ ਨਹੀਂ ਹੁੰਦੀਆਂ, ਪੰਜਾਬ ਸਰਕਾਰ ਇਸ ਉਪਰ ਮੁੜ ਤੋਂ ਵਿਚਾਰ ਕਰੇ। ਅਜਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਪੂਰੀ ਪਾਰਦਰਸ਼ਤਾ ਨਾਲ ਸਰਕਾਰ ਵੱਲੋਂ ਮਿਲਣ ਵਾਲੀ ਸਨਮਾਨ ਸਹੂਲੀਅਤ ਮਿਲਣੀ ਯਕੀਨੀ ਬਣਾਈ ਜਾਵੇ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਮੰਗ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਵਿਸ਼ਵਾਸ ਦਿਵਾਇਆ ਕਿ ਸੁਤੰਤਰਤਾ ਸੰਗਰਾਮੀਆਂ ਦੀਆਂ ਲੰਬੇ ਸਮੇਂ ਤੋਂ ਲੰਬਿਤ ਪਈਆਂ ਮੰਗਾਂ ਦਾ ਜਲਦੀ ਤੋਂ ਜਲਦੀ ਹੱਲ ਲੱਭਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਬਣੀ ਨੂੰ ਅਜੇ ਪੰਜ ਮਹੀਨੇ ਹੀ ਹੋਏ ਹਨ ਹੈ, ਸਾਨੂੰ ਬਹੁਤ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਇਹ ਵੀ ਅਖਿਆ ਕਿ ਸਾਨੂੰ ਕੁਝ ਸਮਾਂ ਦਿੱਤਾ ਜਾਵੇ ਤਾਂ ਜੋ ਹਰ ਵਰਗ ਦੀਆਂ ਲੋੜਾਂ ਅਤੇ ਸਮੱਸਿਆਂ ਨੂੰ ਸਮਝ ਕੇ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਬਹੁਤ ਸਾਰੀਆਂ ਗਲਤ ਧਾਰਨਾਵਾਂ ਨਾਲ ਸਮਾਜ ਵਿੱਚ ਸਰਕਾਰਾਂ ਪ੍ਰਤੀ ਵਿਸ਼ਵਾਸ ਉੱਠ ਚੁੱਕਿਆ ਹੈ ਅਸੀਂ ਲੋਕਾਂ ਦੇ ਵਿਸ਼ਵਾਸ ਨੂੰ ਜਿਤਣਾ ਹੈ, ਇਸ ਲਈ ਆਉ ਖੁੱਲੇ ਮਨ ਨਾਲ ਸਰਕਾਰ ਦੇ ਭਾਗੀਦਾਰ ਬਣਦੇ ਹੋਏ ਪੰਜਾਬ ਨੂੰ ਹਸਦਾ ਖੇਡਦਾ ਬਣਾਈਏ। ਇਸ ਮੌਕੇ ਵਫਦ ਵਿੱਚ ਕੁਲਦੀਪ ਸਿੰਘ ਪ੍ਰਧਾਨ ਮੁੱਕਤਸਰ ਇਕਾਈ, ਭਗਵਾਨ ਚੰਦ ਫਿਰੋਜਪੁਰ ਇਕਾਈ, ਰੂਪ ਸਿੰਘ ਪ੍ਰੈਸ ਸਕੱਤਰ ਫਰੀਦਕੋਟ, ਅਮਰਜੀਤ ਸਿੰਘ ਬੁੱਟਰ ਪ੍ਰਧਾਨ ਫਰੀਡਮ ਫਾਈਟਰ ਐਸੋਸੀਏਸ਼ਨ, ਸੁਰਜੀਤ ਸਿੰਘ ਮਹਿਰੋਂ, ਗੁਰਬਿੰਦਰ ਸਿੰਘ ਢਿੱਲੋਂ ਆਦਿ ਹਾਜਰ ਸਨ।

# ਕਾਰ-ਕੈਂਟਰ ਦੀ ਟੱਕਰ ਵਿੱਚ ਚਾਰ ਮੌਤਾਂ



ਗੜ੍ਹਸ਼ੰਕਰ, 22 ਅਗਸਤ (ਪੋਸਟ ਬਿਊਰੋ)- ਚੰਡੀਗੜ੍ਹ-ਹੁਸ਼ਿਆਰਪੁਰ ਰੋਡ ਉੱਤੇ ਕਸਬਾ ਸੈਲਾ ਖੁਰਦ ਦੇ ਨੇੜੇ ਪਿੰਡ ਨਰਿਆਲਾ ਕੋਲ ਕੱਲ੍ਹ ਸਵੇਰੇ ਕੈਂਟਰ ਅਤੇ ਕਾਰ ਦੀ ਸਿੱਧੀ ਟੱਕਰ ਵਿੱਚ ਕਾਰ ਸਵਾਰ ਚਾਰ ਜਣਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਇੱਕ ਚਾਰ ਸਾਲਾ ਬੱਚੀ, ਦੋ ਔਰਤਾਂ ਅਤੇ ਇੱਕ ਪੁਰਸ਼ ਸ਼ਾਮਲ ਹੈ।

ਮਿਲੀ ਜਾਣਕਾਰੀ ਅਨੁਸਾਰ ਜਗਜੀਤ ਕੌਰ ਪਤਨੀ ਅਮਨਦੀਪ ਸਿੰਘ ਆਪਣੀ ਚਾਰ ਸਾਲਾ ਧੀ ਕਿਰਨਜੀਤ ਕੌਰ ਤੇ ਆਪਣੀ ਮਾਂ ਗੁਰਦੀਪ ਕੌਰ ਨਾਲ ਕਾਰ ਵਿੱਚ ਦਸੂਹੇ ਤੋਂ ਆਨੰਦਪੁਰ ਸਾਹਿਬ ਚੱਲੀ ਸੀ। ਉਨ੍ਹਾਂ ਦੀ ਕਾਰ ਪਿੰਡ ਨਰਿਆਲਾ ਕੋਲ ਇੱਕ ਵਾਹਨ ਨੂੰ ਓਵਰਟੇਕ ਕਰਦਿਆਂ ਅੱਗੋਂ ਆਏ ਕੈਂਟਰ ਨਾਲ ਜਾ ਵੱਜੀ। ਇਸ ਮੌਕੇ ਪਿੰਡ ਵਾਸੀਆਂ ਨੇ ਜ਼ਖਮੀਆਂ ਨੂੰ ਬਾਹਰ ਕੱਢਿਆ। ਕਾਰ ਚਾਲਕ ਹੀਰਾ ਲਾਲ (27) ਪੁੱਤਰ ਕਿਸ਼ਨ ਦਾਸ ਵਾਸੀ ਬੋਦਲ ਕੋਟਲੀ (ਦਸੂਹਾ) ਤੇ ਕਾਰ ਵਿੱਚ ਸਵਾਰ ਜਗਜੀਤ ਕੌਰ ਪਤਨੀ ਅਮਨਦੀਪ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ, ਪਰ ਕਾਰ ਵਿੱਚ ਸਵਾਰ ਬੱਚੀ ਕਿਰਨਜੀਤ ਕੌਰ ਅਤੇ ਉਸ ਦੀ ਨਾਨੀ ਗੁਰਦੀਪ ਕੌਰ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਅਨੁਸਾਰ ਜਗਜੀਤ ਕੌਰ ਆਪਣੀ ਧੀ ਕਿਰਨਜੀਤ ਕੌਰ ਤੇ ਆਪਣੀ 50 ਸਾਲਾ ਮਾਂ ਗੁਰਦੀਪ ਕੌਰ ਨੂੰ ਆਪਣੇ ਪੇਕੇ ਆਨੰਦਪੁਰ ਸਾਹਿਬ ਛੱਡਣ ਚੱਲੀਸੀ। ਜਗਜੀਤ ਕੌਰ ਦਸੂਹਾ ਦੇ ਜਗਤਜੋਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਡੀ ਪੀ ਵਜੋਂ ਤੈਨਾਤ ਸੀ।

# ਆਪਣੇ ਰਿਵਾਲਵਰ ਤੋਂ ਗੋਲੀ ਚੱਲਣ ਨਾਲ ਏ ਐਸ ਆਈ ਦੀ ਮੌਤ



ਸ੍ਰੀ ਮੁਕਤਸਰ ਸਾਹਿਬ, 22 ਅਗਸਤ (ਪੋਸਟ ਬਿਊਰੋ)- ਇੱਥੋਂ ਦੇ ਐਨ ਡੀ ਐਸ ਡਰੱਗ ਅਵੇਅਰਨੈਸ ਸੈਲ ਦੇ ਮੁਖੀ ਤੇ ਸਟੇਟ ਐਵਾਰਡੀ ਏ ਐਸ ਆਈ ਕਾਸਿਮ ਅਲੀ (55) ਦੀ ਕੱਲ੍ਹ ਸਵੇਰੇ ਪੁਲਸ ਲਾਈਨ ਦੀ ਪਾਰਕਿੰਗ ਵਿੱਚ ਆਪਣੇ ਹੀ ਸਰਵਿਸ ਰਿਵਾਲਵਰ ਦੀ ਗੋਲੀ ਸਿਰ ਵਿੱਚ ਲੱਗਣ ਕਰ ਕੇ ਮੌਤ ਹੋ ਗਈ। ਉਹ ਘਰੋਂ ਆਪਣੇ ਪੁੱਤਰ ਨਾਲ ਸਕੂਟਰੀ ਉੱਤੇ ਪੁਲਸ ਲਾਈਨ ਪੁੱਜੇ ਸਨ ਜਿੱਥੋਂ ਉਨ੍ਹਾਂ ਪ੍ਰਧਾਨ ਮੰਤਰੀ ਦੀ ਆਮਦ ਸਬੰਧੀ ਸਪੈਸ਼ਲ ਡਿਊਟੀ ਲਈ ਪੁਲਸ ਦੀ ਗੱਡੀ ਵਿੱਚ ਮੋਹਾਲੀ ਰਵਾਨਾ ਹੋਣਾ ਸੀ। ਮੌਕੇ ਉੱਤੇ ਮੌਜੂਦ ਕਰਮਚਾਰੀਆਂ ਮੁਤਾਬਕ ਗੋਲੀ ਚੱਲਣ ਪਿੱਛੋਂ ਕਾਸਿਮ ਅਲੀ ਡਿੱਗ ਪਿਆ ਤੇ ਮੌਕੇ ਉੱਤੇ ਉਸ ਦੀ ਮੌਤ ਹੋ ਗਈ। ਕਾਸਿਮ ਅਲੀ ਦੇ ਨਜ਼ਦੀਕੀ ਸਾਥੀ ਗੁਰਜੰਟ ਸਿੰਘ ਜਟਾਣਾ ਨੇ ਦੱਸਿਆ ਕਿ ਕਾਸਿਮ ਅਲੀ ਨੇ ਕਈ ਫਿਲਮਾਂ ਵਿੱਚ ਵੀ ਕੰਮ ਕੀਤਾ ਸੀ। ਉਹ ਟਰੈਫਿਕ, ਨਸ਼ਿਆਂ ਅਤੇ ਸਾਈਬਰ ਕਰਾਈਮ ਬਾਰੇ ਲੋਕਾਂ ਨੂੰ ਜਾਗਰੂਕ ਕਰਦਾ ਰਹਿੰਦਾ ਸੀ। ਉਨ੍ਹਾਂ ਦੇ ਪਰਵਾਰ ਵਿੱਚ ਮਾਂ, ਪਤਨੀ, ਦੋ ਧੀਆਂ ਤੇ ਦੋ ਪੁੱਤਰ ਹਨ।

ਦੂਸਰੇ ਪਾਸੇ ਫਰੀਦਕੋਟ ਦੀ ਕੇਂਦਰੀ ਮਾਡਰਨ ਜੇਲ੍ਹ ਵਿੱਚ ਇੱਕ ਗਾਰਡ ਨੇ ਕੱਲ੍ਹ ਖੁਦ ਨੂੰ ਗੋਲੀ ਮਾਰ ਲਈ। ਉਸ ਦੀ ਪਛਾਣ ਹਰਜਿੰਦਰ ਸਿੰਘ ਵਾਸੀ ਅਰਾਈਆਂਵਾਲਾ ਕਲਾਂ ਜ਼ਿਲ੍ਹਾ ਫਰੀਦਕੋਟ ਵਜੋਂ ਹੋਈ ਹੈ। ਉਹ ਜੇਲ੍ਹ ਦੇ ਟਾਵਰ ਉਪਰ ਹਥਿਆਰਬੰਦ ਡਿਊਟੀ ਦੇ ਰਿਹਾ ਸੀ, ਜਿੱਥੇ ਉਸ ਨੇ ਕੱਲ੍ਹ ਸਵੇਰੇ ਖੁਦ ਨੂੰ ਗੋਲੀ ਮਾਰ ਲਈ। ਉਸ ਨੂੰ ਗੁਰੂ ਗੋਬਿੰਦ ਸਿੰਘ ਹਸਪਤਾਲ ਦਾਖਲ ਕਰਵਾਇਆ ਗਿਆ। ਹਰਜਿੰਦਰ ਸਿੰਘ ਬਾਰੇ ਡਾਕਟਰਾਂ ਨੇ ਦੱਸਿਆ ਕਿ ਉਸ ਦੇ ਗਲ ਵਿੱਚੋਂ ਗੋਲੀ ਵੱਜ ਕੇ ਮੱਥੇ ਵਿੱਚੋਂ ਨਿਕਲੀ ਹੈ। ਉਨ੍ਹਾਂ ਕਿਹਾ ਕਿ ਜ਼ਖਮੀ ਦੀ ਹਾਲਤ ਗੰਭੀਰ ਹੈ। ਥਾਣਾ ਸਿਟੀ ਫਰੀਦਕੋਟ ਦੇ ਐਸ ਐਚ ਓ ਇੰਸਪੈਕਟਰ ਸੰਦੀਪ ਸਿੰਘ ਨੇ ਕਿਹਾ ਕਿ ਪੁਲਸ ਘਟਨਾ ਦੀ ਜਾਂਚ ਕਰ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕਃ +1(647) 274-3207 Whatsapp: +91 97794 39200"

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5'7", ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
**204-333-9000, 416-818-3777**

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :

RAJNI SHARMA - CALL 647-409-0731
Near Ebenzer & Gore - 45 Caranci Crescent, Brampton, ON L6P 1H3

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017